050514
P

ਚੌਦਵਾਂ ਰਤਨ

# ਡਾ. ਭੀਮ ਰਾਵ ਅੰਬੇਡਕਰ

ਤ੍ਰਿਲੋਚਨ ਸਿੰਘ 'ਚੰਨ' ਲਖਨਵੀ



PUBLISHED BY :

**Uttar Pradesh Punjabi Academy**

**ਉੱਤਰ ਪ੍ਰਦੇਸ਼ ਪੰਜਾਬੀ ਅਕੈਡਮੀ**

### ਵਕਤ - ਇਤਿਹਾਸ - ਡਾ੦ ਅੰਬੇਡਕਰ

ਵਕਤ ਹਰ ਕਿਸੇ ਦੀਆਂ ਨਬਜ਼ਾਂ ਟਟੋਲਦਾ ਹੈ ।
ਅਪਨੇ ਤਰਾਜ਼ੂਆਂ ਵਿਚ ਫ਼ਿਰ ਉਸ ਨੂੰ ਤੋਲਦਾ ਹੈ ।
ਕੇਹੜਾ ਅਡੋਲ ਰਹਿੰਦੈ ਤੇ ਕੇਹੜਾ ਡੋਲਦਾ ਹੈ ?
ਕਿਸ ਦਾ ਹੈ ਖ਼ੂਨ ਠੰਡਾ ਤੇ ਕਿਸ ਦਾ ਖੌਲਦਾ ਹੈ ?

ਕੌਮਾਂ ਦੇ ਕਾਰਨਾਮੇ ਜਿਸ ਦਮ ਫਰੋਲਦਾ ਹੈ ।
ਫਿਰ, ਵਕਤ ਕੁਝ ਨ ਬੋਲੇ ਇਤਿਹਾਸ ਬੋਲਦਾ ਹੈ ।

ਇਤਿਹਾਸ ਪੁਰਖ

# ਚੌਦਵਾ ਰਤਨ
# ਡਾ੦ ਭੀਮ ਰਾਵ ਅੰਬੇਡਕਰ

(ਕੁਝ ਸੰਸਮਰਣ)

**ਤ੍ਰਿਲੋਚਨ ਸਿੰਘ 'ਚੰਨ' ਲਖਨਵੀ**

- ਪ੍ਰਕਾਸ਼ਕ -

ਉਤਰ ਪ੍ਰਦੇਸ਼ ਪੰਜਾਬੀ ਅਕਾਡਮੀ, ਲਖਨਊ

# ਚੌਦਵਾਂ ਰਤਨ
# ਡਾ0 ਭੀਮ ਰਾਵ ਅੰਬੇਡਕਰ
# Chaudhawan Rattan
# Dr. Bhim Rav Ambedkar

by

**Trilochan Singh 'Chan' Lucknavi**

551Jha/28, Ram Nagar, Alambagh,

Lucknow-226005

Mobile : 94154-69266

First Edition, 2008

© Publisher

Published by

**Uttar Pradesh Punjabi Academy**

(Govt. of Uttar Pradesh)

Rs. 75.00

Computer Type Setting

& Printed by :

M/s. **BAKHSHISH**

Alambagh, Lucknow-226005

Phone : (0522) 2456014, 2459014

# ਸਮਰਪਣ

ਉਨ੍ਹਾਂ ਸਭਨਾ ਦੇ ਨਾਮ

ਜੋ

**"ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ"**

ਅਤੇ

**"ਅਵਲ ਅਲਾਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ"**

ਵਰਗੇ

ਮਾਨਵੀਯ ਗੁਣਾਂ ਉਤੇ ਸਦਾ ਪਹਿਰਾ ਦੇਂਦੇ ਰਹੇ ਹਨ

# ਸੰਦੇਸ਼



## ਰਾਜਿੰਦਰ ਸਿੰਘ ਬੱਗਾ

ਵਾਇਸ ਚੇਅਰਮੈਨ

**ਉਤਰ ਪ੍ਰਦੇਸ਼ ਪੰਜਾਬੀ ਅਕੈਡਮੀ**

(ਉਤਰ ਪ੍ਰਦੇਸ਼ ਸ਼ਾਸਨ)

ਪਾਠਕਾਂ ਨੂੰ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਪੰਜ ਕੁ ਸਦੀਆਂ ਪਹਿਲੋਂ ਜਿਨ੍ਹਾਂ ਗ਼ਰੀਬ ਨਿਮਾਣੇ ਦਲਿਤਾਂ ਅਤੇ ਨੀਵੀਆ ਜਾਤਾਂ ਵਾਲਿਆਂ ਦੀ ਬਾਂਹ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੜੀ ਸੀ, ਉਨ੍ਹਾਂ ਹੀ ਦਲਿਤਾਂ ਨੂੰ 20 ਵੀਂ ਸਦੀ ਵਿਚ ਡਾ੦ ਅੰਬੇਡਕਰ ਜੀ ਨੇ, ਇਕ ਵਾਰ ਫਿਰ ਅਥਕ ਪ੍ਰਯਾਸਾਂ, ਘਾਲਣਾਵਾਂ ਅਤੇ ਕਈ ਕਈ ਵਾਰ ਅਪਮਾਨ ਸਹਿਣ ਦੇ ਬਾਵਜੂਦ ਸਮਾਜ ਦੇ ਇਸ ਨਿਰਬਲ ਤਬਕੇ ਨੂੰ ਕਾਨੂੰਨੀ ਤੌਰ ਤੇ ਵੱਧ ਤੋਂ ਵੱਧ ਅਧਿਕਾਰ ਦਿਵਾਉਣ ਵਿਚ ਕਾਮਯਾਬੀ ਹਾਸਲ ਕੀਤੀ । ਚੂੰਕਿ ਡਾ੦ ਅੰਬੇਡਕਰ ਜੀ ਦਾ ਸਾਰਾ ਜੀਵਨ ਦਲਿਤਾਂ ਲਈ ਸਮਰਪਿਤ ਸੀ ਸੋ ਸੰਵਿਧਾਨ ਨਿਰਮਾਣ ਕਰਣ ਵਾਲੇ ਇਸ ਕਰਮਠ ਵੀਰ ਸੈਨਾਨੀ ਜਿਸ ਨੂੰ ਵੀਹਵੀਂ ਸਦੀ ਦਾ ਮਾਨਵਤਾਵਾਦੀ ਸਮਾਜਿਕ ਪਰਿਵਰਤਨ ਦਾ ਮਹਾਨ ਨਾਯਕ ਮੰਨਿਆ ਗਿਆ, ਦੀ ਜੀਵਨੀ ਬਾਰੇ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਉਣ ਲਈ '**ਉਤਰ ਪ੍ਰਦੇਸ਼ ਪੰਜਾਬੀ ਅਕੈਡਮੀ**' ਵੱਲੋਂ **ਸ੦ ਤ੍ਰਿਲੋਚਨ ਸਿੰਘ 'ਚੰਨ'** ਲਖਨਵੀ ਦੀ ਪੇਸ਼ਕਸ਼ "ਚੌਦਵਾਂ ਰਤਨ ਡਾ੦ ਭੀਮ ਰਾਵ ਅੰਬੇਡਕਰ" ਪ੍ਰਕਾਸ਼ਿਤ ਕੀਤੇ ਜਾਣ ਤੇ ਮੈਨੂੰ ਜੋ ਖੁਸ਼ੀ ਪ੍ਰਾਪਤ ਹੋਈ ਹੈ ਇਹ ਖੁਸ਼ੀ ਮੈਂ ਸਾਰੇ ਪੰਜਾਬੀ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ ।

ਸ਼ਾਸਨ ਨੇ ਪਿਛਲੇ ਸਾਲ ਪੰਜਾਬੀ ਅਕੈਡਮੀ ਦਾ ਦਾਸ ਨੂੰ ਜਦ ਤੋਂ ਵਾਇਸ ਚੇਅਰਮੈਨ ਨਿਯੁਕਤ ਕੀਤਾ ਹੈ, ਪੰਜਾਬੀਆਂ ਲਈ ਵਾਇਸ ਆਫ ਇੰਡੀਆ, ਇਸ਼ਮੀਤ ਸਿੰਘ ਦੇ ਇਕ ਵੱਡੇ ਆਯੋਜਨ ਤੋਂ ਛੁੱਟ ਸਵਤੰਤ੍ਰਤਾ ਅੰਦੋਲਨ ਵਿਚ ਪੰਜਾਬੀ ਸਾਹਿਤ ਦਾ ਯੋਗਦਾਨ ਵਿਸ਼ੇ ਉਤੇ ਕਾਵਿ ਅਤੇ ਵਿਖਿਆਨ ਸੰਧਿਆ (ਸੇਮੀਨਾਰ) ਕਰਵਾਏ ਜਾਣ ਤੋਂ ਬਾਦ ਇਹ ਪੁਸਤਕ ਪੜ੍ਹਕੇ ਪਾਠਕ ਮਹਿਸੂਸ ਕਰਣਗੇ ਕਿ ਉ੦ ਪ੍ਰ੦ ਪੰਜਾਬੀ ਅਕੈਡਮੀ ਕਈ ਪੱਖਾਂ ਤੋਂ ਪੰਜਾਬੀ ਲਈ ਉਸਾਰੂ ਕੰਮ ਕਰਨ ਲਈ ਦ੍ਰਿੜ ਕਰਨ ਲਈ ਦ੍ਰਿੜ ਪ੍ਰਤਿਗ ਹੈ । ਆਸ ਹੈ ਪੰਜਾਬੀ ਪਾਠਕ ਇਸ ਪੁਸਤਕ ਤੋਂ ਲਾਭਾਨਵਿਤ ਹੋਣਗੇ ।

ਮੈਂ ਆਭਾਰੀ ਹਾਂ ਸ੍ਰੀ ਅਸ਼ੋਕ ਘੋਸ਼ ਪ੍ਰਮੁਖ ਸਚਿਵ ਅਤੇ ਸ੍ਰੀ ਬੀ.ਐਨ. ਸਿੰਘ, ਸੰਯੁਕਤ ਸਚਿਵ, ਭਾਸ਼ਾ ਵਿਭਾਗ, ਉਤਰ ਪ੍ਰਦੇਸ਼ ਸ਼ਾਸਨ ਦਾ ਜਿਨ੍ਹਾਂ ਪੰਜਾਬੀ ਅਕੈਡਮੀ ਦੇ ਹਰ ਕੰਮ ਵਿਚ ਆਪਣਾ ਨਿੱਘਾ ਯੋਗਦਾਨ ਕੀਤਾ ਹੈ ।

# ਕੁਝ ਆਪਣੇ ਵੱਲੋਂ

ਆਜ਼ਾਦ ਭਾਰਤ ਵਿਚ ਲਾਗੂ ਵਰਤਮਾਨ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਬਾਬਾ ਸਾਹਿਬ ਡਾ੦ ਭੀਮ ਰਾਵ ਅੰਬੇਡਕਰ ਇਕ ਬਹੁ-ਅਯਾਮੀ ਸ਼ਖ਼ਸੀਅਤ ਦੇ ਮਾਲਕ ਸਨ। ਬ੍ਰਾਹਮਣ-ਵਾਦੀ ਜਾਲ ਵਿਚ ਜਕੜ ਚੁੱਕੇ ਸਦੀਆਂ ਤੋਂ ਦੱਬੇ ਕੁਚਲੇ ਅਛੂਤ ਮੰਨੇ ਜਾਣ ਵਾਲੇ ਦਲਿਤਾਂ ਨੂੰ ਰੂੜ੍ਹੀ ਵਾਦਿਤਾ ਦੇ ਭੰਵਰ ਚੋਂ ਬਾਹਰ ਕੱਢਣ ਦਾ ਹਰ ਮੁਮਕਿਨ ਪ੍ਰਯਾਸ ਕਰਨ ਵਾਲੇ ਡਾ੦ ਅੰਬੇਡਕਰ ਜੀ ਨੂੰ ਵੀਹਵੀਂ ਸਦੀ ਦੇ ਦਲਿਤਾਂ ਦਾ ਮਸੀਹਾ ਕਰ ਕੇ ਜਾਣਿਆ ਜਾਂਦਾ ਹੈ, ਜੋ ਕਾਫੀ ਹਦ ਠੀਕ ਵੀ ਹੈ - ਕਿਉਂਕਿ ਡਾ੦ ਅੰਬੇਡਕਰ ਜੀ ਨੇ ਇਕ ਸਾਧਾਰਣ ਅਛੂਤ ਪਰਿਵਾਰ ਵਿਚ ਜਨਮ ਲੈ ਕੇ ਗਿਆਨ ਦੀ ਰੋਸ਼ਨੀ ਵਿਚ ਬਹੁਤ ਦੂਰ ਤਕ ਵੇਖਿਆ। ਆਪਣੇ ਅਤੇ ਆਪਣੇ ਜਿਹੇ ਹੋਰ ਲੱਖਾਂ ਗਰੀਬ, ਅਛੂਤ ਦਲਿਤਾਂ ਨੂੰ ਦੂਜੇ ਉੱਚ ਵਰਗੀਆਂ ਦੇ ਬਰਾਬਰ ਖੜਾ ਕਰਨ ਲਈ ਹਰ ਤਰ੍ਹਾਂ ਦੇ ਕਸ਼ਟ, ਅਪਮਾਨ ਅਤੇ ਤਕਲੀਫਾ ਸਹਾਰ ਕੇ ਸਤਿਆਗ੍ਰਹਿ ਅਤੇ ਅੰਦੋਲਨ ਕਰ ਆਪਣੇ ਨਿਸ਼ਾਨੇ ਵਿਚ ਕਾਫੀ ਹਦ ਤਕ ਸਫਲ ਵੀ ਹੋਏ।

ਪਰ ਅੰਬੇਡਕਰ ਜੀ ਬਾਰੇ ਕਈ ਲੇਖਕ ਅਤੇ ਇਤਿਹਾਸਕਾਰ ਜਦ ਇਹ ਲਿਖਦੇ ਹਨ ਕਿ ਹਜਾਰਾਂ ਸਾਲਾਂ ਤੋਂ ਦੱਬੇ ਨਿਸਹਾਏ ਅਛੂਤ ਤੇ ਨੀਵੀਆਂ ਜਾਤਾਂ ਵਾਲਿਆਂ ਦੀ ਸਾਰ ਵੀਹਵੀਂ ਸਦੀ ਦੇ ਮਸੀਹਾ ਡਾ੦ ਅੰਬੇਡਕਰ ਤੋਂ ਪਹਿਲੋਂ ਕਿਸੇ ਨੇ ਵੀ ਨਹੀਂ ਲਈ, ਤਦ ਉਹ (ਲੇਖਕ) ਭੁਲ ਜਾਂਦੇ ਹਨ, ਯਾ ਜਾਣ ਬੁਝ ਕੇ ਸੂਰਜ ਦੀ ਰੋਸ਼ਨੀ ਵਰਗੀ ਸੱਚਾਈ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਅੱਜ ਤੋਂ ਲਗਭਗ 540 ਸਾਲ ਪਹਿਲਾਂ ਵੀ ਇਨ੍ਹਾਂ ਨੀਵਿਆਂ ਅਤੇ ਦੱਬੇ ਕੁਚਲੇ ਅਛੂਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਜੋਤ ਤੋਂ ਪ੍ਰਕਾਸ਼ਿਤ ਹੋਰ ਨੌਂ ਗੁਰੂ ਸਾਹਿਬਾਨ ਨੇ ਬਰਾਬਰੀ ਦਾ ਦਰਜਾ ਹੀ ਪ੍ਰਦਾਨ ਨਹੀਂ ਸੀ ਕੀਤਾ ਬਲਕਿ ਉਨ੍ਹਾਂ ਵਿਚ ਇਕ ਨਵੀਂ ਰੂਹ ਫੂਕ ਕੇ, ਬਾਦਸ਼ਾਹੀਆਂ ਤਕ ਕਰਨ ਦਾ ਸੁਅਵਸਰ ਪ੍ਰਦਾਨ ਕੀਤਾ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਲਗਭਗ 239 ਵਰਿਆਂ ਵਿਚ ਸਾਰੇ ਹੀ ਗੁਰੂ ਸਾਹਿਬਾਨ ਨੇ ਦਲਿਤਾਂ, ਕਮਜ਼ੋਰਾਂ, ਮਜ਼ਲੂਮਾਂ, ਇਸਤਰੀਆਂ ਅਤੇ ਅਛੂਤਾਂ ਨੂੰ ਸਮਾਜਿਕ ਤੌਰ ਤੇ ਬਰਾਬਰੀ ਦਾ ਦਰਜਾ ਪ੍ਰਦਾਨ ਕਰਨ ਲਈ ਤਤਕਾਲੀਨ ਸ਼ਾਸਕਾਂ, ਬਾਹੁਬਲੀਆਂ ਧਰਮ ਦੇ ਠੇਕੇਦਾਰਾਂ ਗੁਰੂ ਘਰ ਦੇ ਨਿੰਦਕਾਂ ਅਤੇ ਦੋਖੀਆਂ ਦਾ ਡਟ ਕੇ ਮੁਕਾਬਲਾ

ਕਰਨ ਲਈ ਹਰ ਤਰ੍ਹਾਂ ਦੀਆਂ ਘਾਲਣਾ ਘਾਲਣ ਦੇ ਨਾਲ ਹੀ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਨਤੀਜੇ ਦੇ ਤੌਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਾਰੰਭੇ ਹੋਏ ਮਿਸ਼ਨ ਨੂੰ 1699 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕਰ ਕੇ ਪੂਰਾ ਕੀਤਾ। ਖਾਲਸਾ ਪੰਥ ਦੀ ਸ੍ਰਿਜਨਾ ਲਈ ਜਿਨਾਂ, ਪੰਜ ਪਿਆਰਿਆਂ ਨੂੰ ਚੁਣਿਆ ਗਿਆ ਸੀ, ਉਹ ਸਮਾਜ ਦੇ ਕਿਸੇ ਉੱਚ ਵਰਗ ਦੇ ਨਹੀਂ ਸਨ, ਬਲਕਿ ਉਨ੍ਹਾਂ ਚੋਂ ਇਕ ਖਤਰੀ, ਦੂਜਾ ਜਟ, ਤੀਜਾ ਝੀਵਰ, ਚੌਥਾ ਛੀਬਾਂ ਅਤੇ ਪੰਜਵਾਂ ਨਾਈ ਜਾਤ ਦੇ ਸਨ - ਅਰਥਾਤ ਤਥਾਕਥਿਤ ਨੀਵੀਆਂ ਅਤੇ ਕਮਜ਼ੋਰ ਸਮਝੇ ਜਾਣ ਵਾਲੇ ਵਰਗ ਨੂੰ ਗੁਰੂ ਸਾਹਿਬਾਨ ਨੇ ਸਿੱਖ ਕੌਮ ਦੀ ਅਗਵਾਈ ਸੌਂਪ ਦਿੱਤੀ - ਇਨ੍ਹਾਂ ਛੋਟੀਆਂ ਜਾਤਾਂ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਗੁਰੂ ਸਾਹਿਬ ਨੇ ਸਦਾ ਸਦਾ ਲਈ ਜਾਤ ਪਾਤ ਵਰਣ ਗੋਤ੍ਰ ਆਦਿ ਤੋਂ ਮੁਕਤ ਕਰ ਦਿੱਤਾ ਅਤੇ ਸਭਨਾ ਨੂੰ ਐਸੀ ਬਰਾਬਰੀ ਦਾ ਦਰਜਾ ਦਿੱਤਾ ਕਿ ਜਿਨ੍ਹਾਂ ਕਦੀ ਛੁਰੀ ਪਕੜ ਕੇ ਨਹੀਂ ਸੀ ਵੇਖੀ ਉਹ ਪੂਰਨ ਸ਼ਸਤਰਧਾਰੀ ਹੋ ਕੇ ਵੱਡੀ ਤੋਂ ਵੱਡੀ ਹਕੂਮਤ ਨਾਲ ਟਕਰਾਉਣ ਅਤੇ ਮਾਨਵਤਾ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਤਪਰ ਹੋ ਗਏ।

ਉਪਰੋਕਤ ਤਥ ਉਜਾਗਰ ਕਰਨ ਦਾ ਭਾਵ ਇਹ ਨਹੀਂ ਹੈ ਕਿ ਲੇਖਕ ਡਾ० ਅੰਬੇਡਕਰ ਵੱਲੋਂ ਘਾਲੀਆਂ ਗਈਆਂ ਘਾਲਣਾਵਾ, ਉਨ੍ਹਾਂ ਵੱਲੋਂ ਪੁੱਟੇ ਗਏ ਕ੍ਰਾਂਤੀਕਾਰੀ ਕਦਮਾਂ ਅਤੇ ਚਲਾਏ ਗਏ ਅੰਦੋਲਨਾਂ ਦੀ ਮਹੱਤਤਾ ਨੂੰ ਕਿਸੀ ਵੀ ਤਰ੍ਹਾਂ ਘਟ ਕਰਕੇ ਆਂਕ ਰਿਹਾ ਹੈ ਬਲਕਿ ਇਹ ਸਪਸ਼ਟ ਕੀਤਾ ਹੈ ਕਿ ਲਗਭਗ 250 ਸਾਲ ਗੁਰੂ ਸਾਹਿਬਾਨ ਅਤੇ ਉਸ ਤੋਂ ਬਾਦ 250 ਸਾਲਾਂ ਤੋਂ ਜਾਤ-ਪਾਤ ਨੂੰ ਨਾ ਮੰਨਣ ਵਾਲੇ ਡੇਢ-ਦੋ ਕਰੋੜ ਸਿੱਖਾ ਦੇ ਵਜੂਦ ਵਿਚ ਹੋਣ ਦੇ ਬਾਵਜੂਦ ਨੀਵੀਆਂ ਜਾਤਾਂ ਮਜ਼ਲੂਮਾਂ ਤੇ ਦਲਿਤ ਵਰਗ ਦੀਆਂ ਮੁਸ਼ਕਿਲਾਂ ਅਤੇ ਸੋਸ਼ਣ ਵਿਚ ਉਹ ਕਮੀ ਨਹੀਂ ਆਈ ਜੋ ਆਣੀ ਚਾਹੀਦੀ ਸੀ ਅਤੇ ਜਿਸ ਦੀ ਅਣਦੇਖੀ ਨੂੰ ਦੇਖਦੇ ਹੋਏ ਬਾਬਾ ਸਾਹਿਬ ਭੀਮ ਰਾਵ ਅੰਬੇਡਕਰ ਜੀ ਨੂੰ ਵੀਹਵੀਂ ਸਦੀ ਵਿਚ ਸੰਘਰਸ਼ਮਈ ਜੀਵਨ ਗੁਜਾਰਨਾ ਪਿਆ।

ਵਿਡਬਨਾ ਇਹ ਹੈ ਕਿ ਇਹ ਉਚ ਨੀਚ ਦਾ ਭਾਵ ਜਾਤਾਂ ਅਤੇ ਵਰਣਾ ਦਾ ਮਤਭੇਦ ਅਤੇ ਸਮਾਜ ਦੇ ਇਕ ਕਮਜੋਰ ਵਰਗ ਨੂੰ ਸਦਾ ਲਈ ਕਮਜੋਰ ਬਣਾਏ ਰੱਖਣ ਦਾ ਕੰਮ ਉੱਚ ਵਰਗ ਦੇ ਸ੍ਵਾਰਥੀ ਹਿੰਦੂਆਂ ਨੇ ਧਰਮ ਦੇ ਨਾਮ ਤੇ ਕੀਤਾ। ਕਿਉਂਕਿ ਜਿਥੇ ਕਿਥੇ ਵੀ ਕੋਈ ਕੰਮ ਧਰਮ ਦੇ ਨਾਲ ਜੋੜ ਕੇ ਕੀਤਾ ਜਾਂਦਾ ਹੈ ਉਥੇ ਬਹੁਤ ਸਾਰੇ ਪੜ੍ਹੇ ਲਿਖੇ ਬੰਦੇ ਵੀ ਇਹ ਜਾਣਦੇ ਹੋਏ

ਵੀ ਕਿ ਕੰਮ ਗ਼ਲਤ ਹੋ ਰਿਹਾ ਹੈ - ਆਪਣੀ ਜ਼ੁਬਾਨ ਬੰਦ ਹੀ ਰੱਖਦੇ ਹਨ ਅਤੇ ਇਸ ਤਰ੍ਹਾਂ ਆਹਿਸਤਾ ਆਹਿਸਤਾ ਅਨਿਆਏ ਅਤੇ ਅਤਿਆਚਾਰ ਵੱਧਦਾ ਜਾਂਦਾ ਹੈ ਅਤੇ ਜੋ ਤਬਕਾ ਪਿਸ ਰਿਹਾ ਹੁੰਦਾ ਹੈ ਉਹ ਹੋਰ ਵੀ ਪਿਸਦਾ ਜਾਂਦਾ ਹੈ - ਇਹ ਸਿਲਸਿਲੇ ਸੈਕੜੇ ਅਤੇ ਹਜਾਰਾਂ ਸਾਲਾਂ ਤਕ ਚਲਦੇ, ਰਹਿੰਦੇ ਹਨ ਅਤੇ ਕਦੀ ਕਦਾਈ ਕੋਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਕੋਈ ਰਾਮਾਨੁਜ, ਕੋਈ ਰਾਮਾਨੰਦ, ਕਬੀਰ, ਤੁਕਾਰਾਮ ਅਤੇ ਕੋਈ ਡਾ੦ ਅੰਬੇਡਕਰ ਵਰਗਾ ਸਾਹਸੀ ਬੰਦਾ ਉਠ ਕੇ ਅਨਿਆਏ ਦੇ ਖਿਲਾਫ ਆਵਾਜ ਬੁਲੰਦ ਕਰਦਾ ਹੈ, ਕ੍ਰਾਤੀਕਾਰੀ ਕਦਮ ਚੁਕਦਾ ਹੈ, ਆਦੋਲਨ ਕਰਦਾ ਹੈ, ਮਾਰਾਂ ਖਾਂਦਾ ਹੈ ਜੇਲ੍ਹਾਂ ਵਿਚ ਜਾਦਾਂ ਅਤੇ ਆਪਣਾ ਸਰਵਸ ਨਿਛਾਵਰ ਕਰ ਜਾਂਦਾ ਹੈ ।

ਡਾ੦ ਅੰਬੇਡਕਰ ਵੀ ਉਨ੍ਹਾਂ ਮਹਾਨ ਆਤਮਾਵਾਂ ਵਿਚੋਂ ਇਕ ਸਨ ਇਨ੍ਹਾਂ ਦੇ ਪੂਰੇ ਜੀਵਨ ਤੇ ਤਾਂ ਨਹੀਂ, ਜੀਵਨ ਦੇ ਕੁਝ ਇਕ ਪਹਿਲੂਆਂ ਤੇ ਚਾਨਣ ਪਾਣ ਦੀ ਨਿਗੁਣੀ ਜਹੀ ਕੋਸ਼ਿਸ਼ ਇਸ ਪੁਸਤਿਕਾਂ ਵਿਚ ਕੀਤੀ ਗਈ ਹੈ । ਇਸ ਪੁਸਤਕ ਦੇ ਲਿਖਣ ਵਿਚ ਸੀਮਤ ਸਮਾਂ ਹੋਣ ਕਰਕੇ ਕੁਝ ਕੁ ਗਲਤੀਆਂ ਤਾਂ ਹੋਣਗੀਆਂ ਹੀ ਜਿਸ ਦੇ ਲਈ ਪਾਠਕਾਂ ਤੋਂ ਪਹਿਲੋਂ ਹੀ ਇਸ ਆਸ ਨਾਲ ਖਿਮਾ ਚਾਹਵਾਂਗਾ ਕਿ ਉਹ ਮੇਰੀਆਂ ਗਲਤੀਆਂ ਅਤੇ ਪੁਸਤਕ ਵਿਚ ਰਹਿ ਗਈਆਂ ਕਮੀਆ ਤੋਂ ਮੈਨੂੰ ਜਾਣੂ ਕਰਾਣਗੇ ।

ਤ੍ਰਿਲੋਚਨ ਸਿੰਘ 'ਚੰਨ' ਲਖਨਵੀ
ਸਚਿਵ
ਆਜ਼ਾਦ ਲੇਖਕ ਅਤੇ ਕਵੀ ਸਭਾ, ਲਖਨਊ

# ਆਭਾਰ

ਧੰਨਵਾਦੀ ਹਾਂ ਮੁੱਖ ਮੰਤ੍ਰੀ ਸੁਸ਼੍ਰੀ ਕੁਮਾਰੀ ਮਾਯਵਤੀ ਜੀ ਦਾ ਅਤੇ ਸ੦ ਰਾਜਿੰਦਰ ਸਿੰਘ ਬੱਗਾ ਜੀ, ਕ੍ਰਮਸ਼ਾ ਚੇਅਰਮੈਨ ਅਤੇ ਵਾਈਸ-ਚੇਅਰਮੈਨ ਉਤਰ ਪ੍ਰਦੇਸ਼ ਪੰਜਾਬੀ ਅਕੈਡਮੀ ਦਾ, ਜਿਨ੍ਹਾਂ ਨੇ ਡਾ੦ ਅੰਬੇਡਕਰ ਜੀ ਬਾਰੇ ਕੁਝ ਜਾਣਕਾਰੀ ਪਾਠਕਾਂ ਨਾਲ ਸਾਂਝਿਆ ਕਰਨ ਦੀ ਦਾਸ ਨੂੰ ਜਿੰਮੇ ਵਾਰੀ ਸੌਂਪੀ ।

ਧੰਨਵਾਦੀ ਹਾਂ, ਮਰਾਠੀ 'ਨਵਯੁਗ' ਅਤੇ 'ਜਨਤਾ' ਅਖ਼ਬਾਰਾਂ ਦੇ ਨਾਲ ਹੀ ਸ੍ਰੀ ਵਿਜੇ ਕੁਮਾਰ ਪੁਜਾਰੀ ਜੀ ਦਾ ਜਿਨ੍ਹਾਂ ਦੀ ਪੁਸਤਕ **'ਬਾਬਾ ਸਾਹਿਬ ਭੀਮ ਰਾਵ ਅੰਬੇਡਕਰ'** ਤੋਂ ਕੁਝ ਸੰਧਰਭ, ਘਟਨਾਵਾਂ ਤਾਰੀਖਾਂ ਦੇ ਨਾਲ ਹੀ ਫੈਕਟਸ ਵੀ ਪ੍ਰਾਪਤ ਹੋਏ ।

ਧੰਨਵਾਦੀ ਹਾਂ, ਆਪਣੇ ਵੱਡੇ ਵੀਰ ਸ੦ ਹਰਭਜਨ ਸਿੰਘ ਜੀ, ਸਕੱਤਰ ਗੁਰਦੁਆਰਾ ਆਲਮਬਾਗ ਅਤੇ ਸਕੱਤਰ, ਲਖਨਊ ਗੁਰਦੁਆਰਾ ਪ੍ਰਬੰਧਕ ਕਮੇਟੀ, ਲਖਨਊ ਦਾ ਜਿਨ੍ਹਾਂ ਦਾ ਸਹਿਯੋਗ ਮੇਰੇ ਹਰ ਕੰਮ ਵਿਚ ਸਦਾ ਹੀ ਪ੍ਰਾਪਤ ਹੁੰਦਾ ਰਿਹਾ ਹੈ ।

ਧੰਨਵਾਦੀ ਹਾਂ, ਸ੦ ਨਰਿੰਦਰ ਸਿੰਘ ਗੁਲਸ਼ਨ ਜੀ ਅਤੇ ਗਿਆਨੀ ਲਖਵਿੰਦਰ ਸਿੰਘ ਜੀ ਦਾ ਜਿਨ੍ਹਾਂ ਨੇ ਪ੍ਰੂਫ ਰੀਡਿੰਗ ਵਿਚ ਸਹਿਯੋਗ ਪ੍ਰਦਾਨ ਕੀਤਾ ।

ਧੰਨਵਾਦੀ ਹਾਂ, ਯਸ਼ਵੰਤ ਨਿਕੋਸੇ, ਐ੦ ਚੇਅਰਮੈਨ, ਉਤਰ ਪ੍ਰਦੇਸ਼ ਰਾਜਯ ਫ਼ਿਲਮ ਵਿਕਾਸ ਪਰਿਸ਼ਦ ਦਾ, ਜਿਨ੍ਹਾਂ ਨੇ ਪੁਸਤਕ ਵਿਚ ਅੰਕਿਤ ਘਟਨਾਵਾਂ ਦੀਆਂ ਤਾਰੀਖਾਂ ਦੀ ਪੁਸ਼ਟੀ ਕੀਤੀ ।

ਅੰਤ ਵਿਚ ਬਹੁਤ ਹੀ ਧੰਨਵਾਦ ਗਿਆਨੀ ਜਗਜੀਤ ਸਿੰਘ ਜਾਚਕ ਜੀ ਦਾ ਜਿਨ੍ਹਾਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਕਲਮਬੰਦ ਕਰਨ ਦੀ ਕ੍ਰਿਪਾ ਕੀਤੀ ।

- ਤ੍ਰਿਲੋਚਨ ਸਿੰਘ 'ਚੰਨ'

# ਚੌਦੂਵਾਂ ਰਤਨ
# ਡਾ੦ ਭੀਮ ਰਾਵ ਅੰਬੇਡਕਰ

ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ, ਨਿਸਹਾਏ ਗਰੀਬਾਂ, ਦਲਿਤਾਂ ਮਜ਼ਦੂਰਾਂ ਅਤੇ ਹਿੰਦੂ ਸਮਾਜ ਵਿਚ ਘਿਰਣਾ ਦੀ ਨਿਗਾਹਾਂ ਨਾਲ ਵੇਖੇ ਜਾਣ ਵਾਲੇ ਨਿਮਨ ਵਰਗ ਦੇ ਮਸੀਹਾ ਬਾਬਾ ਸਾਹਿਬ ਡਾ੦ ਭੀਮ ਰਾਵ ਅੰਬੇਡਕਰ ਜੀ ਦਾ ਸਾਰਾ ਜੀਵਨ ਦਲਿਤ ਹਿੰਦੂਆਂ ਦੇ ਘਰੇਲੂ ਸੰਘਰਸ਼ ਦਾ ਜਿਉਂਦਾ ਜਾਗਦਾ ਇਤਿਹਾਸ ਹੈ ।

ਬਾਬਾ ਸਾਹਿਬ ਬਹੁ-ਅਯਾਮੀ ਪ੍ਰਕ੍ਰਿਤੀ ਦੇ ਮਾਲਕ ਸਨ । ਤਥਾ-ਕਥਿਤ ਪਿਛੜੀ ਜਾਤ ਵਿਚ ਜਨਮ ਲੈਣ ਦੇ ਬਾਵਜੂਦ ਬੋਧਿਕ ਤੌਰ ਤੇ ਉਹ ਵੱਡੇ ਤੋਂ ਵੱਡੇ ਵਿਦਵਾਨਾਂ ਅਤੇ ਵੱਡੇ ਤੋਂ ਵੱਡੇ ਨੀਤੀਵਾਨਾਂ ਵਿਚੋਂ ਇਕ ਸਨ । ਉਨ੍ਹਾਂ ਦਾ ਮੰਨਣਾ ਸੀ ਕਿ ਇਲਮ (ਪੜ੍ਹਾਈ) ਦੀ ਰੌਸ਼ਨੀ ਤੋਂ ਬਿਨਾ ਦਲਿਤ ਦਾ ਕੀ, ਕਿਸੇ ਦਾ ਵੀ ਉਧਾਰ ਨਹੀਂ ਹੋ ਸਕਦਾ ।

ਪੌਰਾਣਿਕ ਕਥਾ ਅਨੁਸਾਰ ਇਹ ਸਰਵ ਵਿਦਿਤ ਹੈ ਕਿ ਸੁਰਾਂ ਅਤੇ ਅਸੁਰਾਂ ਨੇ ਜ਼ਬਰਦਸਤ ਕੋਸ਼ਿਸ਼ਾਂ ਤੋਂ ਬਾਦ ਸਾਗਰ ਨੂੰ ਰਿੜਕ (ਸਾਗਰ ਮੰਥਨ) ਲਿਆ ਤਾਂ ਇਸ ਰਿੜਕੇ ਤੋਂ ਬਾਦ ਜੋ 14 ਦੁਰਲਭ ਵਸਤੁਆਂ ਪ੍ਰਾਪਤ ਹੋਈਆਂ ਉਨ੍ਹਾਂ ਨੂੰ 14 ਰਤਨਾਂ ਦਾ ਨਾਮ ਦਿੱਤਾ ਗਿਆ ਸੀ । ਸਾਗਰ, ਜੋ ਧਰਤੀ ਤੋਂ ਕਈ ਗੁਣਾ ਵੱਡੇ ਆਕਾਰ ਦਾ ਹੈ ਉਸ ਨੂੰ ਰਿੜਕਨਾ ਕੋਈ ਮਾਮੂਲੀ ਗੱਲ ਤਾਂ ਨਹੀਂ ਸੀ । ਜੇ ਕਰ ਇਹ ਅਸੰਭਵ ਪ੍ਰਕਾਰ ਦਾ ਕਠਿਨ ਕੰਮ ਸੁਰਾਂ ਅਤੇ ਅਸੁਰਾਂ ਨੇ ਮਿਲ ਕੇ ਕਿਸੇ ਤਰ੍ਹਾਂ, ਪੂਰਾ ਕਰ ਲਿਆ, ਮੰਨ ਲਿਆ ਜਾਵੇ, ਤਾਂ ਇਹ ਮੰਨਣ ਵਿਚ ਕੋਈ ਗੁਰੇਜ਼ ਨਹੀਂ ਹੋਣਾ ਚਾਹੀਦਾ ਕਿ ਸਾਗਰ ਮੰਥਨ ਤੋਂ ਬਾਦ ਪ੍ਰਾਪਤ ਵਸਤੁਆਂ ਨੂੰ ਅਨਮੋਲ ਰਤਨਾਂ ਤੋਂ ਰਤਾ ਵੀ ਘਟ ਸਮਝਿਆ ਜਾਵੇ - ਇਸੇ ਕਰ ਕੇ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਸਾਗਰ ਮੰਥਨ ਦੇ ਪਰਿਣਾਮ-ਸ੍ਰੂਪ 14 ਰਤਨ ਪ੍ਰਾਪਤ ਹੋਏ ਸਨ ।

**ਡਾ੦ ਅੰਬੇਡਕਰ ਅਤੇ ਸਾਗਰ ਮੰਥਨ ਦਾ ਕੀ ਸੰਬੰਧ ?**

ਸੰਬੰਧ ਹੈ - ਬਹੁਤ ਘਟ ਲੋਕਾਂ ਨੂੰ ਪਤਾ ਹੋਵੇਗਾ ਕਿ ਵੰਸ਼ ਪਰਮਪਰਾ ਅਨੁਸਾਰ ਫੌਜ ਵਿਚ ਨੌਕਰੀ ਕਰਨ ਵਾਲੇ ਮਹਾਰ ਪਰਿਵਾਰ ਦੇ ਰਾਮ ਜੀ ਅਤੇ ਉਨ੍ਹਾਂ ਦੀ ਪਤਨੀ ਭੀਮਾਂ ਬਾਈ ਦੀਆਂ 13 (ਤੇਰਾਂ) ਸੰਤਾਨਾਂ ਤੋਂ ਬਾਦ ਮਿਤੀ 14 ਅਪ੍ਰੈਲ 1891 ਨੂੰ ਇੰਦੌਰ ਵਿਖੇ ਇਕ ਬਾਲਕ ਦਾ ਜਨਮ ਹੋਇਆ, ਜਿਸ ਦਾ ਨਾਮ 'ਭੀਮ' ਰਖਿਆ ਗਿਆ। 'ਭੀਮ' ਆਪਣੇ ਪਿਤਾ ਰਾਮ ਜੀ ਅਤੇ ਮਾਂ ਭੀਮਾਂ ਬਾਈ ਜੀ ਦੀ 14 ਵੀਂ ਸੰਤਾਨ ਸੀ। ਭੀਮ ਨਾਮ ਦੇ ਇਸ ਬਾਲਕ ਦਾ ਪੂਰਾ ਨਾਮ ਭੀਮ ਰਾਵ ਅੰਬਾਵੇਡਕਰ ਸੀ ਜੋ ਬਾਦ ਵਿਚ ਕਈ ਡਿਗਰੀਆਂ ਅਤੇ ਡਾਕਟ੍ਰੇਟ ਪ੍ਰਾਪਤ ਕਰਨ ਅਤੇ ਦਲਿਤਾਂ ਦੇ ਵਾਹਦ ਨੇਤਾ ਬਣ ਜਾਣ ਤੋਂ ਬਾਦ 'ਬਾਬਾ ਸਾਹੇਬ ਡਾ० ਭੀਮ ਰਾਵ ਅੰਬੇਡਕਰ' ਨਾਮ ਨਾਲ ਪ੍ਰਸਿਧ ਹੋਇਆ। ਡਾ० ਸਾਹਿਬ ਕਈ ਵਾਰ ਹਾਸੇ ਵਿਚ ਕਿਹਾ ਕਰਦੇ ਸਨ ਕਿ ਮੈਂ ਆਪਣੇ ਮਾਂ-ਪਿਆਂ ਦਾ 'ਚੋਦੁਵਾਂ ਰਤਨ' ਹਾਂ।

ਭੀਮ ਰਾਵ ਦੇ ਪਿਤਾ ਰਾਮ ਜੀ ਫੌਜ ਵਿਚ ਇਕ ਰੰਗਰੂਟ ਦੇ ਰੂਪ ਵਿਚ ਭਰਤੀ ਹੋ ਕੇ ਵੱਧਦੇ-ਵੱਧਦੇ ਸੂਬੇਦਾਰ ਦੇ ਅਹੁਦੇ ਤੇ ਜਾ ਪੁੱਜੇ। ਰਤਨਾ ਗਿਰੀ ਜ਼ਿਲੇ ਦੇ ਅੰਬਾਵੜੇ ਨਾਮ ਦੇ ਛੋਟੇ ਜਿਹੇ ਪਿੰਡ ਦੇ ਵਸਨੀਕ ਮਾਲੋ ਜੀ ਰਾਵ ਦੇ ਬੇਟੇ ਰਾਮ ਜੀ, ਪੰਜੀ ਸਾਲਾਂ ਦੀ ਨੌਕਰੀ ਤੋਂ ਬਾਦ 1894 ਵਿਚ ਸੂਬੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਪੈਸ਼ਨ ਮੁਕਰਰ ਹੋਈ 50/- ਰੁਪਏ। ਰਿਟਾਯਰਮੈਂਟ ਤੋਂ ਬਾਦ ਰਾਮ ਜੀ ਆਪਣੇ ਪਰਿਵਾਰ ਸਮੇਤ ਅੰਬਾਵੜੇ ਦੇ ਨੇੜੇ ਦਾ-ਪੋਲੀ ਚਲੇ ਗਏ ਪਰ ਉਥੋਂ ਦਾ ਵਾਤਾਵਰਣ ਭੀਮਾ ਬਾਈ ਨੂੰ ਪਸੰਦ ਨ ਆਇਆ। ਇਸ ਤੋਂ ਇਲਾਵਾ ਬੱਚਿਆਂ ਦੀ ਪੜਾਈ ਬਾਰੇ ਸੋਚਣ ਕਰ ਕੇ ਬੰਬਈ ਜਾਣ ਦਾ ਨਿਸ਼ਚਾ ਕਰ ਲਿਆ। ਬੰਬਈ ਵਿਚ ਸਿਰਫ 50/- ਰੁਪਏ ਦੀ ਪੈਸ਼ਨ ਨਾਲ ਗੁਜ਼ਾਰਾ ਮੁਸ਼ਕਲ ਜਾਣ ਕੇ ਕਿਧਰੇ ਵੀ ਨੌਕਰੀ ਕਰਨ ਲਈ ਖਤੋ-ਕਿਤਾਬਤ ਸ਼ੁਰੂ ਕਰ ਦਿੱਤੀ। ਨਤੀਜੇ ਵੱਜੋਂ ਬੰਬਈ ਵਿਚ ਤਾਂ ਨਹੀਂ ਪਰ ਸਤਾਰਾ ਵਿਖੇ ਪੀ.ਡਬਲਿਉ.ਡੀ० ਦੇ ਦਫਤਰ ਵਿਚ ਸਟੋਰ ਕੀਪਰ ਦਾ ਕੰਮ ਮਿਲ ਗਿਆ। ਇਸ ਕਰਕੇ 1896 ਵਿਚ ਰਾਮ ਜੀ ਪਰਿਵਾਰ ਲੈ ਕੇ ਸਤਾਰਾ ਆ ਗਏ। ਇਸ ਸਮੇਂ ਤਕ ਰਾਮ ਜੀ ਦੇ 9 ਬੱਚਿਆਂ ਦੀ ਮ੍ਰਿਤੂ ਹੋ ਚੁੱਕੀ ਸੀ ਅਤੇ ਕੇਵਲ 5 ਸੰਤਾਨਾਂ ਹੀ ਜਿਉਂਦੀਆਂ ਸਨ ਉਨ੍ਹਾਂ ਦੇ ਨਾਮ ਸਨ ਬਲਰਾਮ, ਆਨੰਦ ਰਾਵ, ਮੰਜੁਲਾ ਤੁਲਸੀ ਅਤੇ ਭੀਮ ਇਨ੍ਹਾਂ, ਵਿਚੋਂ ਬਲਰਾਮ ਮੰਜੁਲਾ ਅਤੇ ਤੁਲਸੀ ਦੀ ਸ਼ਾਦੀ ਹੋ ਚੁੱਕੀ ਸੀ ਸੋ ਹੁਣ ਕੇਵਲ ਅਨੰਦ ਰਾਵ ਅਤੇ ਭੀਮ ਦੀ ਪੜਾਈ ਆਦਿ ਦੀ ਜਿੰਮੇਵਾਰੀ ਹੀ ਬਾਕੀ ਰਹਿ ਗਈ ਸੀ।

6 ਸਾਲਾਂ ਤਕ ਭੀਮ ਰਾਵ ਕੇਵਲ ਖੇਡਣ ਖਾਣ ਤਕ ਹੀ ਸੀਮਿਤ ਰਹੇ । ਇਸ ਉਮਰ ਵਿਚ ਭੀਮ ਆਪਣੇ ਸਾਥੀਆਂ ਨਾਲ ਅਕਸਰ ਲੜਦਾ ਭਿੜਦਾ ਬਹੁਤ ਸੀ ਅਤੇ ਖੇਡਦਾ ਘਟ ਸੀ । ਕੋਈ ਦਿਨ ਅਜਿਹਾ ਨਹੀਂ ਸੀ ਹੁੰਦਾ ਜਦ ਭੀਮ ਦੀ ਕੋਈ ਸ਼ਿਕਾਇਤ ਨ ਮਿਲਦੀ ਹੋਵੇ ਇਹੀ ਕਾਰਨ ਸੀ ਕਿ ਅਕਸਰ ਭੀਮ ਦੀ ਮਾਂ ਉਸ ਨੂੰ ਮਾਰਦੀ ਵੀ ਸੀ - ਮਾਰ ਕੁਟਾਈ ਦਾ ਕੰਮ ਕੇਵਲ ਮਾਂ ਵੱਲੋਂ ਹੀ ਹੁੰਦਾ ਸੀ । ਪਿਤਾ ਰਾਮ ਜੀ ਡਾਟ-ਡਪਟ ਤਾਂ ਕਰ ਦੇਂਦੇ ਸਨ ਪਰ ਮਾਰਦੇ ਕੁਟਦੇ ਨਹੀਂ ਸਨ । ਸ਼ਾਇਦ ਇਸ ਲਈ ਕਿ ਉਨ੍ਹਾਂ ਨੂੰ ਭੀਮ ਦੇ ਉਜਵਲ ਭਵਿਸ਼ ਦਾ ਕੁਝ-ਕੁਝ ਆਭਾਸ ਹੋ ਗਿਆ ਸੀ ।

ਕੈਂਪ ਸਕੂਲ ਸਤਾਰਾ ਵਿਚ ਭੀਮ ਦਾ ਵੱਡਾ ਭਰਾ ਆਨੰਦਰਾਵ ਪੜ੍ਹ ਰਿਹਾ ਸੀ, ਇਸੇ ਸਕੂਲ ਵਿਚ ਭੀਮ ਨੂੰ ਵੀ ਦਾਖਲ ਕਰਾ ਦਿੱਤਾ ਗਿਆ । ਕੁਝ ਅਰਸੇ ਬਾਦ ਰਾਮ ਜੀ ਦੀ ਤਬਦੀਲੀ ਸਤਾਰਾ ਤੋਂ ਗੋਰੇਗਾਂਵ ਹੋ ਗਈ ਜਿਥੇ ਉਹ ਇਕੱਲੇ ਹੀ ਗਏ, ਪਰਿਵਾਰ ਨੂੰ ਨਾਲ ਨਹੀਂ ਲੈ ਗਏ । ਕੁਝ ਅਰਸੇ ਬਾਦ ਸਤਾਰਾ ਵਿਖੇ ਭੀਮਾ ਬਾਈ ਬੀਮਾਰ ਪੈ ਗਈ, ਹਾਲਤ ਦਿਨ ਬਦਿਨ ਖਰਾਬ ਹੁੰਦੀ ਵੇਖ ਕੇ ਰਾਮ ਜੀ ਨੂੰ ਗੋਰੇ ਗਾਵ ਤੋਂ ਸੱਦਿਆ ਗਿਆ । ਕਾਫੀ ਦਵਾ-ਦਾਰੂ ਹੋਈ ਪਰ ਕੋਈ ਲਾਭ ਨ ਹੋਇਆ ਅਤੇ ਭੀਮਾਂ ਬਾਈ ਇਕ ਦਿਨ ਸਭ ਨੂੰ ਵਿਛੋੜਾ ਦੇ ਕੇ ਸਦਾ-ਸਦਾ ਲਈ ਚਲੀ ਗਈ । ਭੀਮਾ ਬਾਈ ਦੀ ਮ੍ਰਿਤੂ ਕਰ ਕੇ ਸਾਰਾ ਪਰਿਵਾਰ ਅਨਾਥ ਜਿਹਾ ਹੋ ਗਿਆ । ਭੀਮ ਕਈ ਦਿਨਾਂ ਤਕ ਮਾਂ ਨੂੰ ਯਾਦ ਕਰ-ਕਰ ਕੇ ਰੋਂਦਾ ਰਿਹਾ ।

ਭੀਮਾਂ ਬਾਈ ਦੀ ਮ੍ਰਿਤੂ ਹੋ ਜਾਣ ਕਰ ਕੇ ਘਰ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ ਇਸ ਕਰ ਕੇ ਰਾਮ ਜੀ ਨੇ ਜੀਜਾ ਬਾਈ ਨਾਮ ਦੀ ਇਕ ਵਿਧਵਾ ਨਾਲ ਪੁਨਰ ਵਿਵਾਹ ਕਰ ਲਿਆ । ਹਾਲਾਂ ਕਿ ਭੀਮ ਬਹੁਤ ਛੋਟਾ ਹੋਣ ਕਰਕੇ ਕਿਸੇ ਤਰ੍ਹਾਂ ਦੀ ਵੀ ਦਖਲ-ਅੰਦਾਜ਼ੀ ਕਰਨ ਜੋਗਾ ਨਹੀਂ ਸੀ ਫਿਰ ਵੀ ਉਸ ਨੂੰ ਜੀਜਾ ਬਾਈ ਨਾਲ ਆਪਣੇ ਪਿਤਾ ਦੀ ਸ਼ਾਦੀ ਪਸੰਦ ਨਹੀਂ ਆਈ ਸੋ ਉਹ ਆਪਣੀ ਸੌਤੇਲੀ ਮਾਂ ਨੂੰ ਮਾਂ ਨਾ ਮੰਨ ਸਕਿਆ - ਕਦੀ ਕਦੀ ਉਹ ਆਪਣੀ ਇਸ ਸੌਤੇਲੀ ਮਾਂ ਨਾਲ ਲੜ ਵੀ ਪੈਂਦਾ ਸੀ ਅਤੇ ਲੜਨ ਤੋਂ ਬਾਦ ਰੋਂਦਾ ਵੀ ਸੀ ।

## ਭੀਮ ਦੇ ਨਾਲ ਉਪਨਾਮ ਅੰਬੇਡਕਰ ਕਿਵੇਂ ਲਗਾ ?

ਭੀਮ ਦਾ ਉਪ ਨਾਮ ਅੰਬਾਵਡੇਕਰ ਸੀ ਅੰਬੇਡਕਰ ਨਹੀਂ ਕਿਉਂ ਕਿ ਭੀਮ ਦੇ ਦਾਦਾ

ਜੀ (ਮਾਲੋ ਜੀ ਰਾਵ) ਅੰਬਾਵੜੇ ਗਰਾਂ ਦੇ ਨਿਵਾਸੀ ਸਨ ਜਿਸ ਕਰਕੇ ਸਾਰੇ ਉਨ੍ਹਾਂ ਦੇ ਪਰਿਵਾਰ ਨੂੰ ਅੰਬਾਵਡੇਕਰ ਨਾਂ ਨਾਲ ਜਾਣਦੇ ਸਨ । ਇਹ ਅੰਬਾਵਡੇਕਰ ਉਪਨਾਮ ਅੰਬੇਡਕਰ ਉਪਨਾਮ ਕਿਸ ਤਰ੍ਹਾਂ ਹੋਇਆ ਇਸ ਬਾਰੇ ਖੁਦ ਅੰਬੇਡਕਰ ਜੀ ਦੇ ਸ਼ਬਦਾਂ ਵਿਚ - 'ਅੰਬੇਡਕਰ ਉਪਨਾਮ ਦੇ ਇਕ ਬ੍ਰਾਹਮਣ ਮਾਸਟਰ ਜੀ ਸਾਨੂੰ ਪੜ੍ਹਾਂਦੇ ਸਨ, ਜਿਨ੍ਹਾਂ ਦਾ ਮੇਰੇ ਨਾਲ ਬਹੁਤ ਹੀ ਪ੍ਰੇਮ ਸੀ - ਪੜ੍ਹਾਈ ਦੇ ਵਿਚਕਾਰ ਅੱਧੀ ਛੁੱਟੀ ਵੇਲੇ ਮੈਨੂੰ ਖਾਣ ਵਾਸਤੇ ਕਾਫੀ ਦੂਰ ਆਪਣੇ ਘਰ ਜਾਣਾ ਪੈਂਦਾ ਸੀ ਅੰਬੇਡਕਰ ਮਾਸਟਰ ਨੂੰ ਇਹ ਪਸੰਦ ਨਹੀਂ ਸੀ ਸੋ ਮਾਸਟਰ ਜੀ ਨੇ ਇਕ ਦਿਨ ਕੁਝ ਸੋਚਿਆ ਅਤੇ ਉਹ ਰੋਜ਼ ਆਪਣੇ ਵਾਸਤੇ ਘਰੋਂ ਜੋ ਰੋਟੀ ਸਬਜੀ ਲੈ ਕੇ ਆਉਂਦੇ ਸਨ, ਉਸ ਚੋਂ ਰੋਜ਼ ਹੀ ਮੈਨੂੰ ਵੀ ਖਾਣ ਲਈ ਦੇ ਦੇਂਦੇ ਸਨ, ਇਸ ਤਰ੍ਹਾਂ ਮੈਨੂੰ ਘਰ ਨਹੀਂ ਸੀ ਜਾਣਾ ਪੈਂਦਾ । ਬ੍ਰਾਹਮਣ ਹੋਣ ਕਰ ਕੇ ਛੂਤ-ਛਾਤ ਮੰਨਣ ਵਾਲੇ ਮੇਰੇ ਇਹ ਹਿਤੈਸ਼ੀ ਮਾਸਟਰ ਜੀ ਰੋਟੀ-ਸਬਜੀ ਦੂਰੋਂ ਹੀ ਮੇਰੇ ਹੱਥਾਂ ਵਿਚ ਪਾ ਦਿੰਦੇ ਸਨ - ਉਨ੍ਹਾਂ ਦਾ ਮੇਰੇ ਨਾਲ ਬਹੁਤ ਹੀ ਪ੍ਰੇਮ ਸੀ । ਇਕ ਦਿਨ ਕਹਿਣ ਲਗੇ ਤੇਰਾ ਇਹ ਅੰਬਾਵਡੇਕਰ ਉਪ ਨਾਮ ਬੋਲਣ ਵਿਚ ਕੁਝ ਠੀਕ ਨਹੀਂ ਲਗਦਾ । ਇਸ ਤੋਂ ਤਾਂ ਮੇਰਾ ਅੰਬੇਡਕਰ ਉਪ ਨਾਂ ਚੰਗਾ ਹੈ । ਹੁਣ ਅੱਗੋਂ ਤੂੰ ਵੀ ਆਪਣਾ ਉਪ-ਨਾਮ ਅੰਬੇਡਕਰ ਹੀ ਲਗਾਇਆ ਕਰ - ਅਤੇ ਮਾਸਟਰ ਜੀ ਨੇ ਰਜਿਸਟਰ ਵਿਚ ਵੀ ਅੰਬੇਡਕਰ ਹੀ ਦਰਜ਼ ਕਰ ਦਿੱਤਾ ।

(ਮਰਾਠਾ / ਨਵਯੁਗ 13-4-1947)

# ਛੂਤ-ਛਾਤ ਦਾ ਪਹਿਲਾ ਅਹਿਸਾਸ

ਭੀਮ ਦੀ ਪੈਦਾਇਸ਼ ਸਮੇਂ ਉਨਾਂ ਦੇ ਪਿਤਾ ਰਾਮ ਜੀ ਫੌਜ ਵਿਚ ਕਾਰਜਰਤ ਸਨ - ਛੋਟਾ ਹੋਣ ਕਰਕੇ ਕੇ ਅਤੇ ਫੌਜੀ ਵਾਤਾਵਰਨ ਕਰਕੇ ਭੀਮ ਨੂੰ ਅਸਪ੍ਰਸ਼ਤਾ (ਛੂਆ-ਛੂਤ) ਬਾਰੇ ਕੁਝ ਵੀ ਪਤਾ ਨਹੀਂ ਸੀ। ਛੂਤ-ਛਾਤ ਦਾ ਪਹਿਲਾ ਅਹਿਸਾਸ ਭੀਮ ਨੂੰ ਸਤਾਰਾ ਪਹੁੰਚਣ ਤੋਂ ਕਾਫੀ ਚਿਰ ਬਾਦ ਉਸ ਦਿਨ ਹੋਇਆ ਜਦ ਇਕ ਦਿਨ ਉਹ ਬਾਲ ਕਟਾਉਣ ਲਈ ਇਕ ਨਾਈ ਪਾਸ ਗਿਆ ਅਤੇ ਕਿਹਾ ਕਿ 'ਬਾਲ ਕਟਣੇ ਹਨ' - ਇਹ ਸੁਣ ਕੇ ਨਾਈ ਨੇ ਨਫਰਤ ਭਰੇ ਲਹਿਜੇ ਵਿਚ ਕਿਹਾ - 'ਜਾ ਭਜ ਜਾ - ਤੂੰ ਅਛੂਤ ਹੈਂ। 'ਮੈਂ ਤੇਰੇ ਬਾਲ ਕਿਸ ਤਰ੍ਹਾਂ ਕਟ ਸਕਦਾ ਹਾਂ।' ਭੀਮ ਦੇ ਸ੍ਵਾਭਿਮਾਨ ਨੂੰ ਠੇਸ ਵੱਜੀ ਸੋ ਉਸ ਦੀਆਂ ਅੱਖਾਂ ਭਰ ਆਈਆਂ। ਆਪਣੀਆਂ ਅੱਖਾਂ ਨੂੰ ਪੂੰਜਦੇ ਹੋਇਆਂ ਘਰ ਪਹੁੰਚਿਆ ਤਾਂ ਵੱਡੀ ਭੈਣ ਤੁਲਸੀ ਨੇ ਪੁੱਛਿਆ 'ਕਿਉਂ' ਰੋ ਰਿਹਾ ਹੈਂ ? ਤਦ ਭੀਮ ਨੇ ਹੋ ਚੁਕੇ ਅਪਮਾਨ ਦੀ ਸਾਰੀ ਗੱਲ ਭੈਣ ਨੂੰ ਦੱਸੀ। ਭੈਣ ਸਮਝਦਾਰ ਸੀ ਉਸ ਨੇ ਭੀਮ ਨੂੰ ਵੀ ਸਮਝਾ ਦਿੱਤਾ ਕਿ ਰੋਣ ਦੀ ਕੋਈ ਲੋੜ ਨਹੀਂ ਹੈ - 'ਮੈਂ ਆਪ-ਆਪਣੇ ਵੀਰ ਦੇ ਬਾਲ, ਨਾਈ ਨਾਲੋਂ ਵੀ ਸੋਹਣੇ ਬਣਾ ਦੇਵਾਂਗੀ।

ਉਸ ਸਮੇਂ ਸਕੂਲਾਂ ਵਿਚ ਵੀ ਛੂਆ-ਛੂਤ ਦਾ ਵਾਤਾਵਰਨ ਸੀ। ਭੀਮ ਅਤੇ ਉਸ ਦੇ ਭਰਾ ਆਨੰਦ ਰਾਵ ਨੂੰ ਹੋਰ ਸਵਰਣ ਬੱਚਿਆਂ ਵਾਂਗ ਬੈਂਚ ਜਾਂ ਡੈਸਕ ਉਤੇ ਬੈਠਣ ਦੀ ਇਜਾਜ਼ਤ ਨਹੀਂ ਸੀ। ਇਹ ਦੋਵੇਂ ਜ਼ਮੀਨ ਤੇ ਬੈਠ ਕੇ ਪੜਦੇ ਸਨ। ਇਥੋਂ ਤਕ ਕਿ ਜ਼ਮੀਨ ਤੇ ਵਿਛਾਣ ਵਾਲੀ ਟਾਟ-ਪੱਟੀ ਵੀ ਆਪਣੇ ਘਰੋਂ ਲੈ ਕੇ ਆਉਂਦੇ ਸਨ। ਜੇ ਸਕੂਲ ਵਿਚ ਭੀਮ ਨੂੰ ਪਿਆਸ ਲਗੇ ਤਾਂ ਕੋਈ ਸਵਰਣ ਬੱਚਾ ਹੀ ਉਸ ਨੂੰ ਬੁਕਾਂ ਵਿਚ ਦੂਰੋਂ ਹੀ ਪਾਣੀ ਪਾ ਦੇਂਦਾ ਸੀ।

ਭੀਮ ਬਚਪਨ ਤੋਂ ਹੀ ਸਵਾਭਿਮਾਨੀ ਸੀ - ਸਾਵਰਣ ਹਿੰਦੂਆਂ ਵੱਲੋਂ ਤ੍ਰਿਸਕਾਰ ਅਤੇ ਘਿਰਣਾ ਦੀ ਘਟਨਾਵਾਂ ਨਾਲ ਭੀਮ ਬਹੁਤ ਹੀ ਦੁੱਖੀ ਹੋ ਜਾਂਦਾ ਸੀ। ਇਸ ਦੁੱਖ ਨਾਲ ਭੀਮ ਦੇ ਦਿਲ ਵਿਚ ਵਿਦਰੋਹ ਦੇ ਬੀਜ ਪਨਪਣ ਲੱਗ ਪਏ ਸਨ।

ਭੀਮ ਰਾਵ ਦੇ ਪਿਤਾ ਰਾਮ ਜੀ ਦੀ ਸਟੋਰ ਕੀਪਰ ਦੀ ਨੌਕਰੀ ਛੁਟ ਗਈ ਤਾਂ ਉਹ ਬੱਚਿਆਂ ਦੀ ਪੜਾਈ ਦੇ ਖਿਆਲੋਂ ਸਤਾਰਾ ਤੋਂ ਬੰਬਈ ਚਲੇ ਗਏ ਅਤੇ ਬੰਬਈ ਦੀ ਲੋਅਰ ਪਰਲ ਦੀ ਡਬਕ ਚਾਲ ਵਿਚ ਰਹਿਣ ਲਗ ਪਏ। ਭੀਮ ਰਾਵ ਅਤੇ ਉਨ੍ਹਾਂ ਦੇ ਵੱਡੇ ਭਰਾ ਅਨੰਦ ਰਾਵ

ਨੂੰ ਬੰਬਈ ਦੇ ਐਲਫਿੰਸਟਨ ਹਾਈ ਸਕੂਲ ਵਿਚ ਦਾਖਲਾ ਮਿਲ ਗਿਆ ।

## ਪੜ੍ਹਨ ਦਾ ਸ਼ੌਕ

ਕੋਰਸ ਤੋਂ ਬਾਹਰ ਦੀਆਂ ਕਿਤਾਬਾਂ ਵਿਚ ਭੀਮ ਦੀ ਬੜੀ ਰੁਚੀ ਸੀ - ਚੂੰਕਿ ਭੀਮ ਰਾਵ ਕਾਫੀ ਬੁੱਧੀਮਾਨ ਸੀ ਸੋ ਸਕੂਲ ਦੀਆਂ ਕਿਤਾਬਾਂ ਤਾਂ ਉਹ ਘਰੋਂ ਸਕੂਲ ਆਉਂਣ ਜਾਂ ਜਾਣ ਵੇਲੇ ਰਾਹ ਵਿਚ ਹੀ ਨਜ਼ਰ ਮਾਰ ਲੈਂਦਾ ਸੀ ਅਤੇ ਇਤਨੇ ਨਾਲ ਹੀ ਕਲਾਸ ਵਿਚ ਉਸ ਦੀ ਪੋਜ਼ੀਸ਼ਨ ਬਣ ਜਾਂਦੀ ਸੀ ਪਰ ਕੋਰਸ ਤੋਂ ਛੁੱਟ ਹੋਰ ਪੁਸਤਕਾਂ ਲਈ ਉਸ ਨੂੰ ਅਕਸਰ ਪਿਤਾ ਰਾਮ ਜੀ ਨੂੰ ਕਹਿਣਾ ਪੈਂਦਾ ਸੀ । ਅਗੋਂ ਰਾਮ ਜੀ ਵੀ 50/- ਦੀ ਮਾਮੂਲੀ ਪੇਸ਼ਨ ਨਾਲ ਘਰ ਅਤੇ ਬੱਚਿਆਂ ਦਾ ਲਾਲਨ ਪਾਲਨ ਕਰਨ ਦੇ ਬਾਵਜੂਦ ਕਿਤਾਬਾਂ ਲਈ ਭੀਮ ਨੂੰ ਕਦੀ ਨਾਂਹ ਨਹੀਂ ਸਨ ਕਰਦੇ । ਰਾਮ ਜੀ ਭੀਮ ਨੂੰ ਹਰ ਹਾਲ ਵਿਚ ਕਿਤਾਬਾਂ ਲਿਆ ਕੇ ਦਿੰਦੇ ਸਨ - ਇਸ ਦੇ ਲਈ ਪਿਤਾ ਨੂੰ ਕਿਤਨਾ ਕਸ਼ਟ ਸਹਿਣਾ ਤੇ ਕਿਤਨਾ ਤਰਦਦ ਕਰਨਾ ਪੈਂਦਾ ਸੀ - ਇਸ ਦਾ ਅਹਿਸਾਸ ਉਸ ਵੇਲੇ ਭੀਮ ਰਾਵ ਨੂੰ ਨਹੀਂ ਸੀ ।

ਭੀਮ ਰਾਵ ਕਿਸੇ ਵੀ ਪੁਸਤਕ ਦੀ ਮੰਗ ਕਰਦੇ ਤਾਂ ਸੂਬੇਦਾਰ ਰਾਮ ਜੀ ਤੁਰੰਤ ਕਿਤਾਬ ਦਾ ਪਤਾ ਕਰਨ ਤੁਰ ਪੈਂਦੇ । ਉਸ ਵੇਲੇ ਭੀਮ ਦੀਆਂ ਦੋਵੇਂ ਸ਼ਾਦੀ ਸ਼ੁਦਾ ਭੈਣਾ ਬੰਬਈ ਵਿਚ ਹੀ ਸਨ । ਰਾਮ ਜੀ ਪਹਿਲਾਂ ਛੋਟੀ ਬੇਟੀ ਕੋਲ ਜਾਂਦੇ ਅਤੇ ਪੁਸਤਕ ਲਈ ਜੋ ਤਿੰਨ ਚਾਰ ਰੁਪਏ ਚਾਹੀਦੇ ਹੁੰਦੇ ਮੰਗ ਲੈਂਦੇ । ਜੇ ਛੋਟੀ ਬੇਟੀ ਕੋਲੋਂ ਇੰਤਜਾਮ ਨ ਹੁੰਦਾ ਤਾਂ ਵੱਡੀ ਕੋਲ ਚਲੇ ਜਾਂਦੇ । ਜੇ ਉਸ ਪਾਸ ਵੀ ਨਕਦ ਪੈਸੇ ਨ ਹੁੰਦੇ ਤਾਂ ਉਸ ਤੋਂ ਕੋਈ ਜੇਵਰ ਮੰਗ ਲੈਂਦੇ ਅਤੇ ਇਕ ਨਿਸ਼ਚਤ ਮਾਰਵਾੜੀ ਪਾਸ ਕੇਵਲ ਇਕ ਮਹੀਨੇ ਲਈ ਜੇਵਰ ਗਿਰਵੀ ਰਖ ਕੇ ਪੈਸੇ ਪ੍ਰਾਪਤ ਕਰ ਲੈਂਦੇ । ਇਸ ਤਰ੍ਹਾਂ ਭੀਮ ਨੂੰ ਉਸ ਦੀ ਮਨ ਪਸੰਦ ਪੁਸਤਕ ਮਿਲ ਜਾਂਦੀ । ਅਗਲੇ ਮਹੀਨੇ ਪੈਸ਼ਨ ਮਿਲਦੇ ਹੀ ਰਾਮ ਜੀ ਜੇਵਰ ਛੁੜਵਾ ਕੇ ਆਪਣੀ ਬੇਟੀ ਨੂੰ ਵਾਪਸ ਦੇ ਦਿੰਦੇ ਸਨ । ਇਸ ਤਰ੍ਹਾਂ ਬਚਪਨ ਵਿਚ ਕਠੀਆਂ ਕੀਤੀਆਂ ਪੁਸਤਕਾਂ ਸਦਕਾ ਅਗੇ ਚਲ ਕੇ ਡਾ० ਭੀਮ ਰਾਵ ਅੰਬੇ ਡਕਰ ਜੀ ਪਾਸ ਕਿਤਾਬਾਂ ਦਾ ਇਕ ਵਿਸ਼ਾਲ ਭੰਡਾਰ ਹੋ ਗਿਆ ਸੀ ।

(ਨਵਯੁਗ 13-4-1947)

ਐਲਫਿਨਸਟਨ ਹਾਈ ਸਕੂਲ ਸਰਕਾਰੀ ਸਕੂਲ ਸੀ ਪਰ ਇਥੇ ਵੀ ਭੀਮ ਨੂੰ ਅਸਪ੍ਰਸਤਾ ਅਰਥਾਤ ਛੂਆ-ਛੂਤ ਦੀ ਬੀਮਾਰੀ ਨਾਲ ਦੋ ਚਾਰ ਹੋ ਕੇ ਅਪਮਾਨਤ ਹੋਣਾ ਪਿਆ - ਇਕ ਦਿਨ ਗਣਿਤ ਦੇ ਮਾਸਟਰ ਨੇ ਭੀਮ ਨੂੰ ਬਲੈਕ ਬੋਰਡ ਤੇ ਇਕ ਸੁਆਲ ਕਰਨ ਲਈ ਕਿਹਾ ਭੀਮ ਬੋਰਡ ਵੱਲ ਵੱਧਿਆ ਹੀ ਸੀ ਸਵਰਣ ਮੁੰਡਿਆਂ ਨੇ ਰੋਲਾ ਪਾ ਦਿੱਤਾ - 'ਮਾਸਟਰ ਜੀ ਭੀਮ ਨੂੰ ਰੋਕੋ ਸਾਡੇ ਖਾਣ ਦੇ ਡੱਬੇ ਉਸ ਤਖ਼ਤ ਉਤੇ ਪਏ ਹੋਏ ਹਨ ਜਿੱਥੇ ਬੋਰਡ ਪਿਆ ਹੈ - ਜਦ ਸਭ ਬੱਚਿਆਂ ਨੇ ਆਪਣੇ-ਆਪਣੇ ਡੱਬੇ ਚੁੱਕ ਲਏ ਤਦ ਹੀ ਭੀਮ ਤਖ਼ਤ ਉਤੇ ਚੜ ਸਕਿਆ ।

ਇਕ ਬ੍ਰਾਹਮਣ ਅਧਿਆਪਕ ਭੀਮ ਨੂੰ ਹਰ ਗਲ ਤੇ ਅਪਮਾਨਤ ਕਰਦਾ ਸੀ - ਇਕ ਦਿਨ ਕਹਿਣ ਲੱਗਾ - 'ਅਰੇ ਤੂ ਤੋਂ ਮਹਾਰ ਹੈ - ਤੂ ਪੜ ਲਿਖ ਕਰ ਕਯਾ ਕਰੇਗਾ' । ਅਪਮਾਨ ਦੀ ਚੋਟ ਨਾਲ ਭੀਮ ਕਾਫੀ ਕ੍ਰੋਧਿਤ ਹੋ ਕੇ ਬੋਲਿਆ - 'ਸਰ ਪੜ ਲਿਖ ਕਰ ਮੈਂ ਕਯਾ ਕਰੂੰਗਾ । ਯੇਹ ਪੂਛਨਾ ਆਪ ਕਾ ਕਾਮ ਨਹੀਂ ਹੈ । ਅਗਰ ਫਿਰ ਆਪ ਨੇ ਮੇਰੀ ਜਾਤ ਕਾ ਉਲੇਖ ਕਰਕੇ ਮੁਝੇ ਛੇੜਾ ਤੋਂ ਇਸ ਕਾ ਪਰਿਣਾਮ ਅੱਛਾ ਨਹੀਂ ਹੋਗਾ ।' ਇਸ ਤੋਂ ਸਪਸ਼ਟ ਹੈ ਕਿ ਭੀਮ ਸੁਾਭਿਮਾਨੀ ਹੋਣ ਦੇ ਨਾਲ ਹੀ ਨਿਡਰ ਵੀ ਸੀ ।

(ਜਨਤਾ 14 ਅਪ੍ਰੈਲ 1934)

ਭੀਮ ਦੇ ਪਿਤਾ ਸੂਬੇਦਾਰ ਰਾਮ ਜੀ ਦੀ ਤੀਬਰ ਇੱਛਾ ਸੀ ਕਿ ਭੀਮ ਸੰਸਕ੍ਰਿਤ ਭਾਸ਼ਾ ਦਾ ਪ੍ਰਕਾਂਡ ਪੰਡਤ ਬਣੇ ਪਰ ਉਸ ਦੀ ਇਹ ਇੱਛਾ ਪੂਰੀ ਨ ਹੋ ਸਕੀ ਕਿਉਂਕਿ ਉਹ ਅਛੂਤ ਸਨ - ਭੀਮ ਅਤੇ ਉਸ ਦਾ ਭਰਾ ਦੋਵੇਂ ਸੰਸਕ੍ਰਿਤ ਪੜਨਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਬ੍ਰਾਹਮਣ ਅਧਿਆਪਕ ਨੇ ਸਾਫ਼ ਤੌਰ ਤੇ ਕਹਿ ਦਿੱਤਾ ਕਿ - 'ਮੈਂ ਅਛੂਤ ਮੁੰਡਿਆ ਨੂੰ ਸੰਸਕ੍ਰਿਤ ਨਹੀਂ ਪੜਾਵਾਂਗਾ' - ਲਾਚਾਰ ਹੋ ਕੇ ਦੋਵੇਂ ਭਰਾ ਫਾਰਸੀ ਭਾਸ਼ਾ ਸਿਖਣ ਲਗ ਪਏ ।

ਉਕਤ ਦੇ ਬਾਰੇ ਡਾ0 ਸਾਹਿਬ ਦੱਸਦੇ ਹਨ ਕਿ :

*"ਮੁਝੇ ਸੰਸਕ੍ਰਿਤ ਭਾਸ਼ਾ ਪਰ ਅਤਿਯੰਤ ਅਭਿਮਾਨ ਹੈ ਔਰ ਮੈਂ ਚਾਹਤਾ ਥਾ ਕਿ ਸੰਸਕ੍ਰਿਤ ਕਾ ਏਕ ਅੱਛਾ ਵਿਦਵਾਨ ਬਨੂੰ ਪਰੰਤੂ ਬ੍ਰਾਹਮਣ ਅਧਿਆਪਕ ਕੇ ਸੰਕੁਚਿਤ ਦ੍ਰਿਸ਼ਟੀਕੋਣ ਸੇ ਮੁਝੇ ਸੰਸਕ੍ਰਿਤ ਭਾਸ਼ਾ ਸੇ ਵੰਚਿਤ ਰਹਿ ਜਾਨਾ ਪੜਾ"*

(ਨਵਯੁਗ 13-4-1947)

ਨੋਟ - ਬਾਦ ਵਿਚ ਅੰਬੇਡਕਰ ਜੀ ਨੇ ਆਪਣੀ ਮੇਹਨਤ ਨਾਲ ਸੰਸਕ੍ਰਿਤ ਦਾ ਸਾਧਾਰਣ ਗਿਆਨ ਪ੍ਰਾਪਤ ਕਰ ਲਿਆ ਸੀ ।

## ਸ੍ਰੀ ਕ੍ਰਿਸ਼ਨਾ ਜੀ ਕੇਲੁਸਕਰ

ਜਿਸ ਤਰਾਂ ਕਿ ਪਿੱਛੇ ਦੱਸਿਆ ਜਾ ਚੁਕਾ ਹੈ ਕਿ ਭੀਮ ਨੂੰ ਆਪਣੇ ਕੋਰਸ ਦੀਆਂ ਪੁਸਤਕਾਂ ਤੋਂ ਛੁੱਟ ਹੋਰ ਦੂਜੀਆਂ ਪੁਸਤਕਾਂ ਪੜਨ ਦਾ ਬਹੁਤ ਸ਼ੌਕ ਸੀ ਇਸ ਕਰਕੇ ਉਹ ਸਕੂਲੋਂ ਛੁੱਟੀ ਹੋਣ ਤੋਂ ਬਾਦ ਨਿਯਮ ਪੂਰਵਕ ਪੁਸਤਕਾਂ ਪੜਨ ਲਈ ਬਨੀ ਰੋਡ ਗਾਰਡਨ ਵਿਚ ਇਕ ਨਿਸ਼ਚਤ ਥਾਂ ਤੇ ਬੈਠ ਕੇ ਅਧਿਐਨ ਕਰਿਆ ਕਰਦੇ ਸਨ । ਉਸੇ ਸਮੇਂ ਉਥੇ ਸਿਟੀ ਹਾਈ ਸਕੂਲ ਦੇ ਹੇਡ ਮਾਸਟਰ ਮਿਸਟਰ ਕ੍ਰਿਸ਼ਨਾ ਜੀ ਕੇਲੁਸਕਰ ਵੀ ਇਕ ਨਿਯਤ ਥਾਂ ਤੇ ਬਹਿ ਕੇ ਅਧਿਐਨ ਕਰਦੇ ਸਨ । ਭੀਮ ਨੂੰ ਨਿਯਮ ਪੂਰਵਕ ਅਧਿਐਨ ਕਰਦੇ ਵੇਖ, ਇਕ ਦਿਨ ਕੇਲਸੁਕਰ ਜੀ ਨੇ ਭੀਮ ਤੋਂ ਉਸ ਦਾ ਪਰਿਚਯ ਪੁਛਿਆ - ਭੀਮ ਨੇ ਸਭ ਕੁਝ ਦੱਸ ਦਿਤਾ । ਭੀਮ ਇਕ ਅਛੂਤ ਬਾਲਕ ਹੈ ਇਹ ਸੁਣ ਕੇ ਉਹ ਚਕ੍ਰਿਤ ਤਾਂ ਹੋਏ ਪਰ ਉਸ ਦਾ ਪੜਾਈ ਵੱਲ ਚੰਗਾ ਰੁਝਾਨ ਵੇਖ ਕੇ ਖੁਸ਼ ਵੀ ਹੋਏ । ਉਹ ਭੀਮ ਨੂੰ ਚੰਗੀ ਤੋਂ ਚੰਗੀ ਪੁਸਤਕ ਲਿਆ ਕੇ ਪੜਨ ਲਈ ਦੇਣ ਲਗੇ । ਅੱਗੇ ਚਲ ਕੇ ਸ੍ਰੀ ਕੇਲੁਸਕਰ ਜੀ ਭੀਮ ਦੇ ਉਜਵਲ ਭਵਿਸ਼ ਲਈ ਕਾਫੀ ਸਹਾਇਕ ਸਿਧ ਹੋਏ ।

## ਸ਼ਾਦੀ ਅਤੇ ਮੈਟ੍ਰੀਕੁਲੇਸ਼ਨ

ਛੋਟੀ ਜਿਹੀ ਪੇਂਸ਼ਨ ਵਿਚ ਗੁਜ਼ਾਰਾ ਹੋਣਾ ਮੁਸ਼ਕਲ ਹੁੰਦਾ ਵੇਖ ਸੂਬੇਦਾਰ ਰਾਮ ਜੀ ਨੇ ਵੱਡੇ ਲੜਕੇ ਅਨੰਦ ਰਾਉ ਦੀ ਪੜ੍ਹਾਈ ਬੰਦ ਕਰ ਉਸ ਨੂੰ ਇਕ ਵਰਕਸ਼ਾਪ ਵਿਚ ਨੌਕਰ ਰਖਵਾ ਦਿੱਤਾ, ਕੁਝ ਅਰਸੇ ਬਾਦ ਜਦ ਗੁਜ਼ਾਰਾ ਠੀਕ ਹੋਣ ਲਗ ਪਿਆ ਤਾਂ ਆਨੰਦ ਰਾਵ ਦਾ ਵਿਵਾਹ ਕਰ ਭੀਮ ਰਾਵ ਲਈ ਵੀ ਕੋਈ ਚੰਗੀ ਕਨਯਾ ਦੀ ਭਾਲ ਕਰਨ ਲਗ ਪਏ - ਇਹ ਭਾਲ ਖਤਮ ਹੋਈ ਦਾਪੋਲੀ ਦੇ ਸੁਰਗਵਾਸੀ ਭਿਕੂ ਵਲਾਂਗਕਰ ਦੀ ਅਨਾਥ ਬੱਚੀ ਰਾਮੀ ਬਾਈ ਤੇ ਜੋ ਉਸ

ਸਮੇਂ ਕੇਵਲ 9 ਸਾਲ ਦੀ ਸੀ - ਭੀਮ ਦੀ ਆਯੂ ਵਿਵਾਹ ਸਮੇਂ 16 ਸਾਲ ਸੀ - ਵਿਵਾਹ ਤੋਂ ਬਾਦ ਰਾਮੀ ਬਾਈ ਦਾ ਨਾਂ ਰਮਾਬਾਈ ਰੱਖਿਆ ਗਿਆ ।

ਇਨ੍ਹਾਂ ਹੀ ਦਿਨਾਂ ਵਿਚ (1907) ਭੀਮ ਰਾਵ ਨੇ ਮੈਟ੍ਰਿਕ ਦੀ ਪਰੀਖਿਆ ਵੀ ਪਾਸ ਕੀਤੀ - 750 ਵਿਚੋਂ 282 ਅੰਕ ਪ੍ਰਾਪਤ ਹੋਏ ਅਰਥਾਤ ਤੀਜੀ ਸ਼੍ਰੇਣੀ ਵਿਚ ਮੈਟ੍ਰਿਕ ਪਾਸ ਕੀਤੀ - ਪਰ ਉਨ੍ਹਾਂ ਦਿਨਾਂ ਵਿਚ ਕਿਸੇ ਦਲਿਤ ਬਾਲਕ ਦਾ ਮੈਟ੍ਰਿਕ ਤਕ ਪਹੁੰਚਣਾ ਹੀ ਨਹੀਂ, ਮੈਟ੍ਰਿਕ ਪਾਸ ਕਰਨਾ ਇਕ ਬਹੁਤ ਵੱਡੀ ਗਲ ਸੀ । ਅਛੂਤ ਜਨਤਾ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ । ਪਿਤਾ ਰਾਮ ਜੀ ਸੂਬੇਦਾਰ ਦੀ ਖ਼ੁਸ਼ੀ ਦਾ ਕੋਈ ਠਿਕਾਨਾ ਹੀ ਨਹੀਂ ਸੀ ।

ਪਿਛੜ ਵਰਗ ਨੇ ਭੀਮ ਰਾਵ ਦਾ ਅਭਿਨੰਦਨ ਕਰਨ ਲਈ ਸੁਧਾਰਵਾਦੀ ਹਿੰਦੂਆਂ ਦੇ ਸਹਿਯੋਗ ਨਾਲ ਇਕ ਪੰਡਾਲ ਸਜਾ ਕੇ ਸਭਾ ਕਰਨ ਦਾ ਫੈਸਲਾ ਕੀਤਾ । ਇਸ ਸਮਾਰੋਹ ਦੇ ਸਵਾਗਤ ਸਭਾ ਦੇ ਪ੍ਰਧਾਨ ਮਹਾਰਾਸ਼ਟ੍ਰ ਦੇ ਸੁਪ੍ਰਸਿਧ ਵਿਦਵਾਨ, ਸਮਾਜ ਸੁਧਾਰਕ ਰਾਵ ਬਹਾਦਰ ਸੀਤਾਰਾਮ ਕੇਸ਼ਵ ਬੋਲੇ ਸਨ । ਪ੍ਰਮੁਖ ਬੁਲਾਰਿਆ ਚੋਂ ਸ਼੍ਰੀ ਕ੍ਰਿਸ਼ਨਾ ਜੀ ਕੇਲੁਸਕਰ ਵੀ ਸਨ - ਉਨ੍ਹਾਂ ਨੇ ਕਿਹਾ ਮੈਂ ਭੀਮ ਰਾਵ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹ ਇਕ ਬੁਧੀਮਾਨ, ਤੇਜਸਵੀ ਅਤੇ ਹੋਨਹਾਰ ਬਾਲਕ ਹੈ, ਭੀਮ ਰਾਵ ਨੂੰ ਕਾਲਜ ਵਿਚ ਦਾਖਲਾ ਲੈ ਕੇ ਉਚੀ ਸਿਕਸ਼ਾ ਪ੍ਰਾਪਤ ਕਰਨੀ ਚਾਹੀਦੀ ਹੈ । ਸ੍ਰੀ ਕੇਲੁਸਕਰ ਜੀ ਨੇ ਆਪਣੀ ਲਿਖੀ ਪੁਸਤਕ 'ਬੁੱਧ ਚਰਿਤ੍ਰ' ਭੀਮ ਰਾਵ ਨੂੰ ਭੇਟ ਕੀਤੀ ਜੋ ਅੱਗੇ ਚਲ ਕੇ ਭੀਮ ਰਾਵ ਦੇ ਜੀਵਨ ਵਿਚ ਕ੍ਰਾਂਤੀਕਾਰੀ ਸਾਬਤ ਹੋਈ । ਭੀਮ ਰਾਵ ਨੂੰ ਕਈਆਂ ਨੇ ਫੁਲਾਂ ਦੇ ਹਾਰ ਪਾਏ - ਉਹ ਉਨ੍ਹਾਂ ਦੇ ਜੀਵਨ ਦਾ ਪਹਿਲਾ ਸਾਰਵਜਨਕ ਸਨਮਾਨ ਸੀ - ਉਹ ਖ਼ੁਸ਼ ਸਨ ਪਰ ਬੋਲੇ ਕੁਝ ਨਹੀਂ ।

ਸਭਾ ਦੀ ਸਮਾਪਤੀ ਤੋਂ ਬਾਦ ਕੇਲੁਸਕਰ ਜੀ ਨੇ ਸੂਬੇਦਾਰ ਰਾਮ ਜੀ ਨੂੰ ਕਿਹਾ ਕਿ ਤੁਸੀਂ ਭੀਮ ਰਾਵ ਨੂੰ ਕਾਲਜ ਵਿਚ ਦਾਖਲ ਕਰਾ ਦੇਵੋ ਆਰਥਕ ਤੌਰ ਤੇ ਮੈਂ ਕੁਝ ਮਦਦ ਕਰਨ ਦੀ ਕੋਸ਼ਿਸ਼ ਕਰਾਂਗਾ । ਸ੍ਰੀ ਕੇਲੁਸਕਰ ਨੇ ਖਾਲੀ ਕਿਹਾ ਹੀ ਨਹੀਂ ਮਦਦ ਕਰਦੇ ਵੀ ਰਹੇ ਅਤੇ ਜਦ ਭੀਮ ਰਾਵ ਨੇ ਇੰਟਰ ਦੀ ਪਰੀਖਿਆ ਪਾਸ ਕੀਤੀ ਤਾਂ ਸੂਬੇਦਾਰ ਰਾਮ ਜੀ ਜਿੱਥੇ ਅਤੀ ਪ੍ਰਸੰਨ ਹੋਏ ਨਾਲ ਹੀ ਕੁਝ ਚਿੰਤਾਤਰ ਵੀ ਹੋਏ, ਕਿਉਂਕਿ ਆਰਥਕ ਹਾਲਤ ਇਹੋ ਜਹੀ ਨਹੀਂ ਸੀ ਕਿ

ਉਹ ਭੀਮ ਰਾਵ ਦੀ ਅੱਗੇ ਦੀ ਪੜਾਈ ਜਾਰੀ ਰੱਖ ਸਕਦੇ । ਇਸ ਵੇਲੇ ਸ੍ਰੀ ਕੇਲੁਸਕਰ ਜੀ ਨੇ ਮਦਦ ਕੀਤੀ । ਉਹ ਭੀਮ ਰਾਵ ਨੂੰ ਸ਼ਿਕਸ਼ਾ ਪ੍ਰੇਮੀ ਮਹਾਰਾਜਾ ਸਯਾਜੀਰਾਵ ਗਾਯਕਵਾੜ ਜੀ ਪਾਸ ਲੈ ਗਏ । ਉਸ ਵੇਲੇ ਮਹਾਰਾਜਾ ਸਯਾਜੀਰਾਵ ਗਾਯਕਵਾੜ ਬੰਬਈ ਵਿਚ ਸਨ ਅਤੇ ਉਨ੍ਹਾਂ ਨੇ ਇਕ ਸਭਾ ਵਿਚ ਘੋਸ਼ਣਾ ਕੀਤੀ ਸੀ ਕਿ ਮੈਂ ਕਿਸੇ ਵੀ ਬੁਧੀਮਾਨ ਦਲਿਤ ਵਿਦਿਆਰਥੀ ਦੀ ਆਰਥਕ ਮਦਦ ਕਰਨ ਨੂੰ ਤਿਆਰ ਹਾਂ । ਸ੍ਰੀ ਕੇਲੁਸਕਰ ਜੀ ਨੇ ਮਹਾਰਾਜਾ ਨੂੰ ਉਨ੍ਹਾਂ ਵੱਲੋਂ ਕੀਤੀ ਗਈ ਘੋਸ਼ਣਾ ਦੀ ਯਾਦ ਦਿਲਾ ਕੇ ਭੀਮ ਰਾਵ ਦਾ ਪਰਿਚਯ ਕਰਵਾਇਆ । ਮਹਾਰਾਜਾ ਨੇ ਭੀਮ ਰਾਵ ਤੋਂ ਕੁਝ ਪ੍ਰਸ਼ਨ ਪੁੱਛੇ ਜਿਨ੍ਹਾਂ ਦੇ ਉਤਰ ਭੀਮ ਰਾਵ ਨੇ ਸੋਹਣੇ ਤੇ ਸੁਚੱਜੇ ਢੰਗ ਨਾਲ ਦਿੱਤੇ - ਮਹਾਰਾਜਾ ਨੇ ਖੁਸ਼ ਹੋ ਕੇ 25/- ਮਹੀਨਾ ਭੀਮ ਰਾਵ ਨੂੰ ਵਜੀਫਾ (ਸਕਾਲਰਸ਼ਿਪ) ਦੇਣਾ ਮੰਜ਼ੂਰ ਕਰ ਲਿਆ ।

ਭੀਮ ਰਾਵ ਦੀ ਅੱਗੇ ਦੀ ਪੜਾਈ ਵਿਚ ਉਨ੍ਹਾਂ ਦੇ ਪਿਤਾ ਰਾਮ ਜੀ ਦਾ ਖਾਸ ਯੋਗਦਾਨ ਹੈ - ਉਹ ਭੀਮ ਨੂੰ ਰਾਤ 9 ਵਜੇ ਸੌ ਜਾਣ ਲਈ ਕਹਿੰਦੇ ਅਤੇ ਆਪ ਰਾਮ ਜੀ ਭੀਮ ਦੇ ਕਮਰੇ ਦੇ ਬਾਹਰ ਜਗਰਾਤਾ ਕਰਦੇ । 2 ਵਜੇ ਰਾਤ ਨੂੰ ਭੀਮ ਨੂੰ ਜਗਾ ਕੇ ਪੜਨ ਲਈ ਬਿਠਾ ਕੇ ਤਦ ਆਪ ਸੌਂਦੇ ਸਨ - ਫਿਰ 5 ਵਜੇ ਸ੍ਵੇਰੇ ਸਾਰੇ ਹੀ ਉਠ ਜਾਂਦੇ ਸਨ - ਰਾਮ ਜੀ ਫੌਜੀ ਡਿਸਪਲਨ ਦਾ ਪਾਲਨ ਘਰ ਵਿਚ ਵੀ ਕਰਦੇ ਸਨ ।

ਪਿਉ-ਪੁੱਤਰ ਦੀ ਮੇਹਨਤ ਸਦਕੇ ਭੀਮ ਨੇ 1912 ਵਿਚ ਬੀ.ਏ. ਪਾਸ ਕਰ ਲਈ - ਪਿਤਾ ਰਾਮ ਜੀ ਬਹੁਤ ਹੀ ਪ੍ਰਸੰਨ ਹੋਏ ਉਨ੍ਹਾਂ ਪੜੋਸੀਆਂ ਵਿਚ ਪੇੜੇ ਵੰਡੇ ।

ਭੀਮ ਰਾਵ ਨੂੰ ਬੀ.ਏ. ਦੀ ਪੜਾਈ ਵੇਲੇ ਕਾਲਜ ਵਿਚ ਵੀ ਛੂਤ-ਛਾਤ ਨਾਲ ਦੋ-ਚਾਰ ਹੋਣਾ ਪਿਆ ਸੀ । ਕਾਲਜ ਦਾ ਹੋਟਲ ਵਾਲਾ ਬ੍ਰਾਹਮਣ ਸੀ ਉਹ ਭੀਮ ਨੂੰ ਚਾ-ਪਾਣੀ ਨਹੀਂ ਸੀ ਦਿੰਦਾ - ਡਾ੦ ਅੰਬੇਡਕਰ ਕਹਿੰਦੇ ਹਨ ਕਿ 'ਮੈਨੂੰ ਕਾਲਜ ਵਿਚ ਪਾਣੀ ਤਕ ਨਸੀਬ ਨਹੀਂ ਸੀ ਹੁੰਦਾ ਮੈਂ ਬਗੈਰ ਪਾਣੀ ਪੀਤੇ ਕਈ ਦਿਨ ਬਿਤਾਏ ਸਨ । ਅਛੂਤਾ ਨਾਲ ਅਸਪ੍ਰਸ਼ਤਾ ਦੇ ਮਾਹੌਲ ਦੇ ਬਾਵਜੂਦ ਅੰਗ੍ਰੇਜ਼ੀ ਦੇ ਪ੍ਰੋਫੈਸਰ ਮਯੁੱਲਰ ਅਤੇ ਪਰਸ਼ਿਅਨ ਦੇ ਪ੍ਰੋਫੈਸਰ ਕੇ੦ਬੀ੦ ਇਰਾਨੀ ਦੀ ਭੀਮ ਰਾਵ ਨਾਲ ਹਮਦਰਦੀ ਦੇ ਨਾਲ ਹੀ ਉਸ ਦੀ ਪ੍ਰਤਿਭਾ ਕਰਕੇ ਉਸ ਨਾਲ ਪ੍ਰੇਮ ਵੀ ਸੀ -

ਪ੍ਰੋਫੈਸਰ ਈਰਾਨੀ ਨੇ ਭੀਮ ਰਾਵ ਨੂੰ ਪੜ੍ਹਨ ਲਈ ਆਪਣਾ ਕਮਰਾ ਵੀ ਦੇ ਦਿੱਤਾ ਸੀ ।

## ਪਿਤਾ ਦਾ ਸਾਯਾ ਉਠ ਗਿਆ

ਬੀ.ਏ. ਪਾਸ ਕਰਨ ਤੋਂ ਬਾਦ ਪਿਤਾ ਰਾਮ ਜੀ ਦਾ ਵਿਚਾਰ ਸੀ ਕਿ ਭੀਮ ਬੰਬਈ ਵਿਚ ਹੀ ਕੋਈ ਨੌਕਰੀ ਕਰੇ, ਪਰ ਭੀਮ ਆਪਣੀ ਕ੍ਰਿਤਾਰਥਤਾ ਦੀ ਭਾਵਨਾ ਵਸ਼ ਬੜੋਦਾ ਸਰਕਾਰ ਵੱਲੋਂ ਦਿੱਤੀ ਗਈ ਸਕਾਲਰਸ਼ਿਪ ਦੇ ਰੂਪ ਵਿਚ ਸਹਾਇਤਾ ਦੇ ਰਿਣ ਤੋਂ ਮੁਕਤ ਹੋਣਾ ਚਾਹੁੰਦਾ ਸੀ । ਸੋ ਉਸ ਨੇ ਪਿਤਾ ਦੇ ਕਹਿਣ ਦੀ ਉਪੇਕਸ਼ਾ ਕਰ ਬੜੋਦਾ ਜਾ ਕੇ ਨੌਕਰੀ ਕਰਨ ਦਾ ਮੰਨ ਬਣਾ ਲਿਆ ਸੀ । ਉਨ੍ਹਾਂ ਨੇ ਸਯਾ ਜੀ ਰਾਵ ਗਾਯਕਵਾੜ ਜੀ ਨੂੰ ਚਿੱਠੀ ਲਿਖੀ ਚਿੱਠੀ ਦੇ ਉਤਰ ਵਿਚ ਬੜੋਦਾ ਸਰਕਾਰ ਵੱਲੋਂ ਭੀਮ ਰਾਵ ਨੂੰ ਬੁਲਾ ਕੇ ਫੌਜ ਵਿਚ ਲੇਫਟੀਨੈਂਟ ਦੇ ਪਦ ਉਤੇ ਨਿਯੁਕਤ ਕੀਤਾ ਗਿਆ । ਅਜੇ ਥੋੜਾ ਚਿਰ ਹੀ ਹੋਇਆ ਸੀ ਕਿ ਘਰੋਂ ਤਾਰ ਆਈ 'ਰਾਮ ਜੀ ਸੁਬੇਦਾਰ ਦੀ ਹਾਲਤ ਚਿੰਤਾ ਜਨਕ ਹੈ' - ਭੀਮ ਰਾਵ ਨੇ ਛੁਟੀ ਲਈ ਅਤੇ ਘਰ ਪਹੁੰਚ ਗਏ - ਘਰ ਸਾਰੇ ਚਿੰਤਾਤੁਰ ਹੋ ਕੇ ਰਾਮ ਜੀ ਨੂੰ ਘੇਰ ਕੇ ਬੈਠੇ ਸਨ, ਹਾਲਤ ਬਹੁਤ ਹੀ ਖਰਾਬ ਸੀ ਭੀਮ ਦੇ ਪਹੁੰਚਣ ਤੇ ਅੱਖਾਂ ਖੋਲੀਆਂ, ਭੀਮ ਦੀ ਕੰਡ ਤੇ ਹੱਥ ਫੇਰ ਆਸ਼ੀਰਵਾਦ ਦਿੱਤਾ ਅਤੇ ਕੁਝ ਪਲਾਂ ਬਾਦ ਹੀ ਸਦਾ-ਸਾਦ ਲਈ ਅੱਖਾਂ ਮੀਟ ਲਈਆਂ । ਇਸ ਤਰਾਂ 2 ਫਰਵਰੀ 1913 ਨੂੰ ਬਾਬਾ ਸਾਹੇਬ ਡਾ੦ ਭੀਮ ਰਾਵ ਅੰਬੇਡਕਰ ਬਨਾਉਣ ਵਿਚ ਮੁੱਖ ਰੋਲ ਅਦਾ ਕਰਨ ਵਾਲਾ ਪਿਤਾ ਸੂਬੇਦਾਰ ਰਾਮ ਜੀ ਆਪਣੇ ਸਭ ਤੋਂ ਛੋਟੇ ਪੁੱਤਰ ਜੋ ਕਿ ਉਨ੍ਹਾਂ ਦਾ ਚੌਧਵਾਂ ਰਤਨ ਸੀ, ਨੂੰ ਸਦੀਵੀ ਵਿਛੋੜਾ ਦੇ ਗਿਆ ।

## ਅਮਰੀਕਾ 'ਚ ਉੱਚ ਸਿਖਸ਼ਾ ਦਾ ਪ੍ਰਬੰਧ

ਬੜੋਦਾ ਦੇ ਨਰੇਸ਼ ਮਹਾਰਾਜਾ ਸਯਾ ਜੀ ਰਾਵ ਗਾਯਕਵਾੜਾ ਕੁਝ ਪ੍ਰਤਿਭਾਸ਼ਾਲੀ ਵਿਦਿਆਰਥੀਆਂ

ਨੂੰ ਉਚ ਸਿਖਸ਼ਾ ਲਈ ਅਮਰੀਕਾ ਭੇਜਣਾ ਚਾਹੁੰਦੇ ਸਨ। ਇਤਿਫਾਕ ਨਾਲ ਸ੍ਰੀ ਭੀਮ ਰਾਵ ਜੀ ਬੜੋਦਾ ਵਿਖੇ ਆਪਣੇ ਨਿਵਾਸ ਅਤੇ ਭੋਜਨ ਦੇ ਮਾੜੇ ਇਤਜ਼ਾਮ ਬਾਰੇ ਗਲ ਬਾਤ ਕਰਨ ਲਈ ਮਹਾਰਾਜ ਸਯਾ ਜੀ ਗਾਯਕਵਾੜ ਜੀ ਪਾਸ ਪੁੱਜੇ। ਮਹਾਰਾਜ ਨੇ, ਜੋ ਕਿ ਭੀਮ ਦੀ ਪ੍ਰਤਿਭਾ ਅਤੇ ਅੰਗ੍ਰੇਜ਼ੀ ਗਿਆਨ ਤੋਂ ਕਾਫੀ ਪ੍ਰਭਾਵਿਤ ਸਨ ਨਿਵਾਸ ਅਤੇ ਭੋਜਨ ਦੀ ਭੀਮ, ਦੀ ਗਲ ਦਾ ਉਤਰ ਨ ਦੇ ਕੇ ਉਸ ਤੋਂ ਪੁਛਿਆ ਕਿ - 'ਕੀ ਤੂੰ ਉਚ ਸਿਕਸ਼ਾ ਲਈ ਅਮਰੀਕਾ ਜਾਣਾ ਪਸੰਦਾ ਕਰੇਂਗਾ' - ਅਨ੍ਹਾਂ ਕੀ ਚਾਹਵੇ - ਦੋ ਅੱਖਾਂ - ਇਸ ਤੋਂ ਚੰਗੀ ਗਲ ਹੋਰ ਕੀ ਹੋ ਸਕਦੀ ਸੀ ਭੀਮ ਨੇ ਖੁਸ਼ ਹੋ ਕੇ ਕਿਹਾ ਜੇ ਆਪ ਮੌਕਾ ਦੇਵੋ ਤਾਂ ਮੈਂ ਜ਼ਰੂਰ ਜਾਵਾਂਗਾ। ਮਹਾਰਾਜ ਨੇ ਭੀਮ ਨੂੰ ਸਿਕਸ਼ਾ ਮੰਤਰੀ ਨੂੰ ਅਰਜ਼ੀ ਦੇਣ ਲਈ ਕਿਹਾ। ਇਹ ਕੰਮ ਭੀਮ ਨੇ ਤੁਰੰਤ ਕਰ ਲਿਆ ਨਤੀਜੇ ਵੱਜੋਂ ਸਾਢੇ ਗਿਆਰਾਂ ਪੌਂਡ ਮਾਸਕ ਵਜੀਫਾ (ਸਕਾਲਪਸ਼ਿਪ) ਤਿੰਨ ਸਾਲਾਂ ਲਈ ਮੰਜ਼ੂਰ ਹੋ ਗਿਆ (15 ਜੂਨ 1913 ਤੋਂ 14 ਜੂਨ 1916 ਤਕ) ਇਸ ਦੇ ਲਈ ਭੀਮ ਰਾਵ ਨੂੰ ਇਕ ਇਕਰਾਰਨਾਮ ਲਿਖ ਕੇ ਦੇਣਾ ਪਿਆ - ਮੈਂ ਅਮਰੀਕਾ ਵਿਚ ਆਪਣਾ ਸਮਾਂ ਵਿਦਿਆ ਅਧਿਅਨ ਵਿਚ ਹੀ ਬਿਤਾਵਾਂਗਾ ਅਤੇ ਅਧਿਅਨ ਪੂਰਾ ਹੋਣ ਤੋਂ ਬਾਦ ਬੜੋਦਾ ਵਿਖੇ ਤਿੰਨ ਸਾਲ ਨੌਕਰੀ ਕਰਾਂਗਾ।

ਅਮਰੀਕਾ ਜਾਣ ਤੋਂ ਪਹਿਲਾਂ ਭੀਵ ਰਾਵ ਨੇ ਸਿਕਸ਼ਾ ਵਿਭਾਗ ਤੋਂ ਕੁਝ ਧੰਨ ਐਡਵਾਂਸ ਦੇ ਰੂਪ ਵਿਚ ਪ੍ਰਾਪਤ ਕਰ, ਆਪਣੇ ਪਰਿਵਾਰ ਦੇ ਖਰਚ ਲਈ, ਵੱਡੇ ਭਰਾ ਅਨੰਦ ਰਾਵ ਨੂੰ ਸੌਂਪਿਆ ਅਤੇ ਨਿਸ਼ਚਿੰਤ ਹੋ 21 ਜੁਲਾਈ 1913 ਨੂੰ ਨਿਊਯਾਰਕ ਜਾ ਪੁੱਜੇ। ਉਹ ਉਥੇ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਇਕ ਹਫਤਾ ਯੂਨੀਵਰਸਿਟੀ ਦੇ ਹੋਸਟਲ ਵਿਚ ਠਹਿਰ - ਤਤਪਸ਼ਚਾਤ ਕਾਸਮੋਪਾਲਿਟਨ ਕਲਬ 'ਚ ਜਾ ਕੇ ਰਹਿਣ ਲਗੇ।

ਛੂਤ ਛਾਤ ਦੇ ਮਾਹੌਲ ਚੋਂ ਨਿਕਲ ਕੇ ਪਹਲੀ ਵਾਰ ਖੁਲੇ ਵਾਤਾਵਰਣ ਵਿਚ ਪਹੁੰਚ ਕੇ ਭੀਮ ਰਾਵ ਦਾ ਮੰਨ ਪ੍ਰਸੰਨਤਾ ਨਾਲ ਖਿੜ ਉਠਿਆ ਪਰ ਨਿਊਯਾਰਕ ਸ਼ਹਿਰ ਦੀ ਚਮਕ-ਦਮਕ, ਚਹਿਲ-ਪਹਿਲ ਅਤੇ ਰੌਣਕ ਭਰੇ ਬਾਜਾਰਾਂ ਵਲ ਭੀਮ ਰਾਵ ਜੀ ਨੇ ਜਰਾ ਵੀ ਧਿਆਨ ਨਹੀਂ ਦਿੱਤਾ। ਉਹ ਉਥੇ ਅਧਿਅਨ ਲਈ ਗਏ ਸਨ ਸੋ ਉਹ ਆਪਣੀ ਸਾਰੀ ਸ਼ਕਤੀ

ਅਤੇ ਆਪਣਾ ਸਾਰਾ ਧਿਆਨ ਅਧਿਅਨ ਉਤੇ ਕੇਂਦ੍ਰਿਤ ਕਰ ਰੋਜ਼ 16 ਘੰਟੇ ਤੋਂ ਵੱਧ ਆਪਣੇ ਮੁੱਖ ਸਬਜੈਕਟ ਅਰਥ ਸ਼ਾਸਤਰ ਤੋਂ ਛੁੱਟ ਸਮਾਜ ਸ਼ਾਸਤਰ, ਮਾਨਵ ਵੰਸ ਸ਼ਾਸਤਰ, ਰਾਜਨੀਤ ਸ਼ਾਸਤ ਆਦਿ ਤਕ ਸੀਮਤ ਰਹੇ ।

ਜਿਵੇਂ ਕੋਈ ਭੁਖਾ ਭੋਜਨ ਉਤੇ ਟੁਟ ਪੈਂਦਾ ਹੈ ਉਸੇ ਤਰ੍ਹਾਂ ਭੀਮ ਰਾਵ ਗਿਆਨ ਦੀ ਭੁਖ ਮਿਟਾਣ ਲਈ ਹਰ ਤਰ੍ਹਾਂ ਦੀਆਂ ਪੁਸਤਕਾਂ ਉਤੇ ਟੁੱਟ ਕੇ ਪੈ ਜਾਂਦੇ ਸਨ । ਕੋਲੰਬੀਆ ਯੂਨੀਵਰਸਿਟੀ ਦੀ ਲਾਈਬ੍ਰੇਰੀ ਵਿਚ ਉਹ ਸਭ ਤੋਂ ਪਹਿਲੋਂ ਪਹੁੰਚਦੇ ਅਤੇ ਸਭ ਤੋਂ ਬਾਦ ਵਿਚ ਉਥੋਂ ਉਠਦੇ ਸਨ । ਉਹ ਹਰ ਵਿਸ਼ੇ ਦਾ ਗਹਿਰਾਈ ਨਾਲ ਅਧਿਅਨ ਕਰਦੇ ਅਤੇ ਉਸ ਵਿਸ਼ੇ ਦੇ ਮੂਲ ਤਕ ਪੁੱਜਣ ਦੀ ਕੋਸ਼ਿਸ਼ ਕਰਦੇ ਸਨ - ਪੜ੍ਹਨ ਸਮੇਂ ਉਹ ਹਰ ਸਬਜੈਕਟ ਦੇ ਜ਼ਰੂਰੀ ਅੰਸ਼ ਨੋਟ ਵੀ ਕਰ ਲੈਂਦੇ ਸਨ । ਪੁਸਤਕਾਂ ਦੇ ਬਾਰੇ ਵਿਚ ਭੀਮ ਦੇ ਗਾਇਡ ਕੋਲੰਬੀਆ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਸੇਲਿਗਮਨ ਸਨ ਜੋ ਕਿ ਭੀਮ ਦੀ ਪ੍ਰਤਿਭਾ ਅਤੇ ਲਗਨ ਉਤੇ ਮੁਗਧ ਸਨ ।

ਮਨੋਰੰਜਨ ਜਾਂ ਮੌਜ ਮਸਤੀ ਵਲ ਭੀਮ ਨੇ ਕਦੀ ਨਹੀਂ ਸੀ ਸੋਚਿਆ ਉਸ ਦਾ ਧਿਆਨ ਨਿਤ ਨਵੀਆਂ ਤੋਂ ਨਵੀਆਂ ਪੁਸਤਕਾਂ ਖਰੀਦਣ ਵੱਲ ਹੁੰਦਾ ਸੀ ਪਰ ਉਹ ਜੋ ਪੁਸਤਕਾਂ ਖਰੀਦਨਾ ਚਾਹੁੰਦਾ ਸੀ ਉਸ ਲਈ ਜੇਬ ਵਿਚ ਪੈਸੇ ਨਾ ਹੋਣ ਕਰਕੇ ਉਹ ਪੁਰਾਣੀਆਂ ਕਿਤਾਬਾਂ ਦੀ ਦੁਕਾਨਾਂ ਤੇ ਪਹੁੰਚ ਕੇ ਕੋਈ ਨਾ ਕੋਈ ਦੁਰਲਭ ਪੁਸਤਕ ਅਕਸਰ ਲੈ ਆਉਂਦੇ ਸਨ - ਪੁਸਤਕਾਂ ਕਠੀਆ ਕਰਨ ਦਾ ਸ਼ੌਕ ਸ਼ੁਰੂ ਤੋਂ ਹੀ ਸੀ ।

## ਲਾਲਾ ਲਾਜਪਤ ਰਾਏ ਨਾਲ ਮੁਲਾਕਾਤ

1914 ਵਿਚ ਲਾਲਾ ਲਾਜਪਤ ਰਾਏ ਅਮਰੀਕਾ ਪਹੁੰਚੇ ਉਨ੍ਹਾਂ ਨੇ ਨਿਊਯਾਰਕ ਵਿਚ ਭਾਰਤ ਦੇ ਰਾਸ਼ਟ੍ਰੀ ਆਨਦੋਲਨ ਦਾ ਪ੍ਰਚਾਰ ਕਰਨ ਲਈ 'ਇੰਡਿਅਨ ਹੋਮ ਰੂਲ ਲੀਗ ਆਫ ਅਮਰੀਕਾ' ਨਾਮਕ ਸੰਸਥਾ ਦਾ ਗਠਨ ਕੀਤਾ ਸੀ । ਪ੍ਰੋਫੈਸਰ ਸੇਲਿਗਮਨ ਲਾਲਾ ਜੀ ਦੇ ਮਿਤਰ ਸਨ -

ਉਨ੍ਹਾਂ ਲਾਲਾ ਜੀ ਨਾਲ ਭੀਮ ਰਾਵ ਦਾ ਪਰਚੈ ਕਰਾਉਂਦਿਆਂ ਦੱਸਿਆ ਕਿ 'ਭੀਮ ਰਾਵ ਅੰਬੇਡਕਰ ਹਿੰਦੀ ਵਿਦਿਆਰਥੀਆਂ ਚੋਂ ਹੀ ਨਹੀਂ ਬਲਕਿ ਅਮਰੀਕਨ ਵਿਦਿਆਰਥੀਆਂ 'ਚੋਂ ਵੀ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਹੈ ।

ਲਾਲਾ ਲਾਜਪਤ ਰਾਏ ਨੇ ਇਸ ਪ੍ਰਤਿਭਾਸ਼ਾਲੀ ਭੀਮ ਰਾਵ ਨੂੰ ਇੰਡੀਅਨ ਹੋਮ ਰੂਲ ਲੀਗ ਵਿਚ ਆਪਣੇ ਨਾਲ ਕੰਮ ਕਰਨ ਲਈ ਆਮੰਤ੍ਰਿਤ ਕਰਨਾ ਚਾਹਿਆ ਪਰ ਭੀਮ ਰਾਵ ਨੇ ਆਪਣੀ ਪੜ੍ਹਾਈ ਅਤੇ ਅਧਿਐਨ ਦੇ ਮਿਸ਼ਨ ਨੂੰ ਪੂਰਾ ਕਰਨਾ ਉਚਿਤ ਸਮਝਦੇ ਹੋਇਆ ਲਾਲਾ ਜੀ ਨੂੰ ਨਾਂਹ ਕਰ ਦਿੱਤੀ ।

## ਐਮ.ਏ. ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ

ਭੀਮ ਰਾਵ ਨੇ ਆਪਣਾ ਪਹਿਲਾ ਸ਼ੋਧ ਪ੍ਰਬੰਧ 'ਭਾਰਤ ਦਾ ਪ੍ਰਾਚੀਨ ਵਿਆਪਾਰ (Ancient Indian Commerce) 1915 ਵਿਚ ਕੋਲੰਬੀਆ ਯੂਨੀਵਸਸਿਟੀ ਵਿਚ ਜਮਾ ਕਰ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ । 1916 ਵਿਚ 'ਭਾਰਤ 'ਚ ਜਾਤੀ ਭੇਦ' (Castes In India) ਨਾਮਕ ਸ਼ੋਧ ਪ੍ਰਬੰਧ ਤਿਆਰ ਕੀਤਾ । 1916 ਵਿਚ ਹੀ ਭਾਰਤ ਦੀ ਅਰਥ ਵਿਵਸਥਾ ਨਾਲ ਸਬੰਧਤ ਇਕ ਸ਼ੋਧ ਪ੍ਰਬੰਧ ਲਈ ਭੀਮ ਰਾਵ ਨੂੰ ਕੋਲੰਬੀਆ ਯੂਨੀਵਰਸਿਟੀ ਨੇ ਪੀ.ਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ । ਜਿਸ ਦੇ ਪਰਿਣਾਮ ਸ੍ਰੂਪ ਭੀਮ ਰਾਵ ਡਾ੦ ਭੀਮ ਰਾਵ ਅੰਬੇਡਕਰ ਕਹਿਲਾਣ ਲਗ ਪਏ ।

ਡਾ੦ ਭੀਮ ਰਾਵ ਦੇ ਸ਼ੋਧ ਪ੍ਰਬੰਧ ਨੂੰ ਵਿਦਵਾਨਾਂ ਅਤੇ ਅਰਥ ਸ਼ਾਸਤਰ ਦੇ ਵਿਦਿਆਰਥੀਆਂ ਨੇ ਬਹੁਤ ਪਸੰਦ ਕੀਤਾ ਸੋ ਉਨ੍ਹਾਂ ਨੇ ਡਾ੦ ਅੰਬੇਡਕਰ ਨੂੰ ਦਾਵਤ ਦੇ ਕੇ ਉਨ੍ਹਾਂ ਦਾ ਸਨਮਾਨ ਵੀ ਕੀਤਾ ।

ਡਾ੦ ਅੰਬੇਡਕਰ ਦੀ ਗਿਆਨ ਪ੍ਰਾਪਤ ਕਰਨ ਦੀ ਭੁਖ-ਹੋਰ ਵੱਧ ਗਈ ਸੀ ਉਹ ਲੰਦਨ ਜਾ ਕੇ ਅਰਥ ਸ਼ਾਸਤਰ ਦੀ ਸਰਵੋਚ ਡਿਗਰੀ ਹਾਸਲ ਕਰਨਾ ਚਾਹੁੰਦੇ ਸਨ । ਚੂੰਕਿ ਸਕਾਲਰਸ਼ਿਪ

ਦੇ ਤਿੰਨ ਸਾਲ ਪੂਰੇ ਹੋ ਚੁੱਕੇ ਸਨ ਸੋ ਉਨ੍ਹਾਂ ਨੇ ਪ੍ਰੋ० ਸੇਲਿਗਮਨ ਤੋਂ ਸਯਾ ਜੀ ਰਾਵ ਗਾਯਕਵਾੜ ਜੀ ਨੂੰ ਸਿਫਾਰਸੀ ਚਿੱਠੀ ਲਿਖਵਾਈ । ਇਕ ਸਾਲ ਲਈ ਵਜੀਫੇ ਦੀ ਮਿਆਦ ਹੋਰ ਵੱਧ ਗਈ - ਇਹ ਖਬਰ ਭੀਮ ਰਾਵ ਤਕ ਪੁਜਦੀ ਕਿ ਉਸ ਤੋਂ ਪਹਿਲੋਂ ਹੀ ਉਹ ਜੂਨ 1916 ਵਿਚ ਨਿਊਯਾਰਕ ਤੋਂ ਲੰਦਨ ਰਵਾਨਾ ਹੋ ਚੁੱਕੇ ਸਨ ।

ਲੰਦਨ ਪਹੁੰਚ ਕੇ ਡਾ० ਅੰਬੇਡਕਰ ਨੇ ਅਰਥ ਸ਼ਾਸਤਰ ਲਈ 'ਲੰਦਨ ਸਕੂਲ ਆਫ ਇਕਨੋਮਿਕਸ ਐਂਡ ਪਾਲਿਟਕਲ ਸਾਇੰਸ' ਵਿਚ ਅਤੇ ਕਾਨੂੰਨ ਦੀ ਪੜਾਈ ਲਈ ਗ੍ਰੇਜ ਇਨ ਵਿਚ ਦਾਖਲਾ ਲੈ ਲਿਆ । ਅੰਬੇਡਕਰ ਚੂੰਕਿ ਕੋਲੰਬੀਆ ਯੂਨੀਵਰਸਿਟੀ ਤੋਂ ਐਮ.ਏ. ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਸਨ ਇਸ ਕਰਕੇ ਲੰਦਨ ਯੂਨੀਵਰਸਿਟੀ ਵਿਚ ਐਮ.ਐਸ.ਸੀ. ਪਰੀਖਿਆ ਵਿਚ ਬੈਠਣ ਦੀ ਸਿਧੇ ਹੀ ਇਜਾਜ਼ਤ ਪ੍ਰਾਪਤ ਹੋ ਗਈ ।

ਡਾ० ਅੰਬੇਡਕਰ 'ਇੰਡੀਆ ਆਫਿਸ' ਲੰਡਨ ਸਕੂਲ ਅਤੇ ਬ੍ਰਿਟਿਸ਼ ਮਿਊਜ਼ਿਅਮ ਦੀਆਂ ਵਿਸ਼ਾਲ ਲਾਈਬ੍ਰੇਰੀਆ ਵਿਚ ਜਾ ਕੇ ਮੋਟੇ ਮੋਟੇ ਗ੍ਰੰਥ ਪੜਨ ਅਤੇ ਲੋੜ ਅਨੁਸਾਰ ਨੋਟਸ ਲੈਣ ਲਗ ਪਏ । ਕਠੋਰ ਪਰਿਸ਼ਰਮ ਤੋਂ ਬਾਦ ਐਮ.ਐਸ.ਸੀ. ਲਈ ਰਿਸਰਚ (ਸ਼ੋਧ) ਦਾ ਕੰਮ ਸ਼ੁਰੂ ਕਰਨ ਵਾਲੇ ਹੀ ਸਨ ਕਿ ਸਕਾਲਰਸ਼ਿਪ ਦੀ ਮਿਆਦ ਖਤਮ ਹੋ ਗਈ - ਉਨ੍ਹਾਂ ਮਹਾਰਾਜਾ ਸਾਹਿਬ ਨੂੰ ਚਿੱਠੀ ਲਿਖੀ ਪਰ ਮਹਾਰਾਜਾ ਨੇ ਸਕਾਲਰਸ਼ਿਪ ਮਿਆਦ ਵਧਾਉਣ ਤੋਂ ਇੰਕਾਰ ਕਰ ਦਿੱਤਾ । ਡਾ० ਸਾਹਿਬ ਮਨ ਮਸੋਸ ਕਰਕੇ ਰਹਿ ਗਏ ।

ਹੁਣ ਡਾ० ਸਾਹਿਬ ਨੇ ਮਨ ਪੱਕਾ ਕਰ ਕੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਮੈਂ ਭਾਰਤ ਜਾ ਕੇ ਧੰਨ ਕਮਾਵਾਂਗਾ ਅਤੇ ਮੁੜ ਲੰਦਨ ਆ ਕੇ ਐਮ.ਐਸ.ਸੀ., ਡੀ.ਐਸ.ਸੀ ਅਤੇ ਬਾਰ-ਐਟ-ਲਾ ਦੀਆਂ ਡਿਗਰੀਆਂ ਪ੍ਰਾਪਤ ਕਰ ਕੇ ਰਵਾਂਗਾ । ਉਨ੍ਹਾਂ ਦੀ ਪ੍ਰਾਰਥਨਾ ਉਤੇ ਲੰਦਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਚਾਰ ਸਾਲਾਂ ਦੇ ਅੰਦਰ ਇਹ ਕੰਮ ਪੂਰਾ ਕਰਨ ਦੀ ਸੁਵਿਧਾ ਪ੍ਰਦਾਨ ਕਰ ਦਿੱਤੀ ।

ਅਗਸਤ 1917 ਵਿਚ ਭਾਰਤ ਆਉਣ ਤੋਂ ਪਹਿਲਾ ਡਾ० ਅੰਬੇਡਕਰ ਨੇ ਆਪਣੇ ਦੁਰਲਭ ਗ੍ਰੰਥਾਂ ਦਾ ਬੀਮਾ ਕਰਵਾ ਦਿੱਤਾ ਸੀ - ਜਿਸ ਜਹਾਜ ਵਿਚ ਉਨ੍ਹਾਂ ਦੀਆਂ ਪੁਸਤਕਾ (ਸਣੇ ਦੁਰਲਭ

ਗ੍ਰੰਥ) ਆ ਰਹੀਆਂ ਸਨ ਉਸ ਦੇ ਡੁਬ ਜਾਣ ਕਰਕੇ ਡਾ੦ ਸਾਹਿਬ ਨੂੰ ਡੂੰਗੀ ਸਟ ਵਜੀ। ਇਧਰ ਭਾਰਤ ਪਹੁੰਚ ਕੇ ਸਯਾ ਜੀ ਮਹਾਰਾਜ ਨੂੰ ਮਿਲਣ ਲਈ ਅਤੇ ਕੀਤੇ ਹੋਏ ਇਕਰਾਰ ਦੇ ਅੰਤਰਗਤ ਬੜੋਦਾ ਨੌਕਰੀ ਲਈ ਵੀ ਜਾਣਾ ਸੀ ਪਰ ਜੇਬ ਖਾਲੀ ਹੋਣ ਕਰ ਮੁਸ਼ਕਲ ਪੇਸ਼ ਆ ਰਹੀ ਸੀ ਸੋ ਜਹਾਜ ਦੇ ਡੁਬ ਜਾਣ ਕਰਕੇ ਡੁਬੀਆਂ ਪੁਸਤਕਾਂ ਅਤੇ ਗ੍ਰੰਥਾਂ ਦੇ ਬੀਮੇ ਦੀ ਰਕਮ ਲਈ ਪਤਾ ਕੀਤਾ - ਬੀਮਾ ਕੰਪਨੀ ਨੇ 600/- ਦਿੱਤੇ ਜਿਸ ਨੂੰ ਲੈ ਕੇ ਡਾ੦ ਅੰਬੇਡਕਰ ਬੜੋਦਾ ਚਲੇ ਗਏ।

## ਬੜੋਦਾ ਵਿਖੇ ਅਪਮਾਨ

ਬੜੋਦਾ ਪਹੁੰਚਣ ਤੇ ਰਹਿਣ ਨੂੰ ਕੋਈ ਥਾਂ ਨਾ ਮਿਲੀ ਹਰ ਪਾਸੇ ਅੰਬੇਡਕਰ ਦੇ ਦਲਿਤ ਹੋਣ ਕਰਕੇ ਕਿਸੇ ਨੇ ਵੀ ਨਾ ਕਿਰਾਏ ਦੇ ਮਕਾਨ ਵਾਲਿਆਂ ਅਤੇ ਨਾ ਹੀ ਹੋਟਲ ਵਾਲਿਆਂ ਨੇ ਹੀ ਕੋਈ ਥਾਂ ਦੇਣ ਲਈ ਹਾਂਮੀ ਭਰੀ। ਡਾ੦ ਅੰਬੇਡਕਰ ਨੇ ਬੜੋਦਾ ਦੇ ਮਹਾਰਾਜਾ ਅਤੇ ਉਸ ਦੇ ਮੁੱਖ ਮੰਤਰੀ ਨੂੰ ਇਤਲਾ ਦਿੱਤੀ। ਪਰ ਉਨ੍ਹਾਂ ਨੇ ਵੀ ਕੋਈ ਨਿਵਾਸ ਦੇਣ ਬਾਰੇ ਪਰਵਾਹ ਨ ਕੀਤੀ - ਸੋ ਅੰਬੇਡਕਰ ਜੀ ਨੇ ਇਕ ਪਾਰਸੀ ਹੋਟਲ ਵਿਚ ਫਰਜੀ ਪਾਰਸੀ ਬਣ ਕੇ ਰਹਿਣ ਦਾ ਫੈਸਲਾ ਕੀਤਾ - ਨਾਮ ਦੱਸਿਆ ਐਦਲ ਜੀ ਸੋਹਰਾਬ ਜੀ ਅਤੇ ਜਹਾਂਗੀਰਾ ਜੀ ਹੋਟਲ ਵਾਲਾ ਦੇ ਪਾਰਸੀ ਹੋਟਲ ਵਿਚ ਰਹਿਣ ਲਗ ਪਏ।

ਅੰਬੇਡਕਰ ਜੀ ਨੂੰ ਮਹਾਰਾਜਾ ਦੇ ਮਿਲਟ੍ਰੀ ਸਕੱਤਰ ਦੇ ਪਦ ਉਤੇ ਨਿਯੁਕਤ ਕੀਤਾ ਗਿਆ। ਮਹਾਰਾਜਾ ਦਾ ਵਿਚਾਰ ਅਰਥ ਮੰਤ੍ਰੀ ਬਨਾਉਣ ਦਾ ਸੀ - ਇਸ ਕੰਮ ਤੋਂ ਜਾਣੂ ਹੋਣ ਤਕ ਅੰਬੇਡਕਰ ਜੀ ਨੂੰ ਮਿਲਟ੍ਰੀ ਸਕੱਤਰ ਦਾ ਅਹੁੱਦਾ ਦਿੱਤਾ ਗਿਆ ਸੀ। ਇਧਰ ਉਨ੍ਹਾਂ ਦੇ ਸਕਰੇਟੈਰਿਏਟ ਦੇ ਸਵਰਨ ਹਿੰਦੂਆਂ ਵਿਚ ਕਾਨਾ ਫੂਸੀ ਸ਼ੁਰੂ ਹੋ ਗਈ ਕਿ ਇਕ ਦਲਿਤ ਨੂੰ ਸਵਰਣ ਹਿੰਦੂਆਂ ਦੇ ਸਿਰ ਉਤੇ ਬਿਠਾਯਾ ਜਾ ਰਿਹਾ ਹੈ - ਨਤੀਜਾ ਹੋਇਆ ਕਿ ਸਾਰਾ ਸਕ੍ਰੇਟੈਰੀਏਟ ਨਫਰਤ ਭਰੀ ਨਜ਼ਰ ਨਾਲ ਵੇਖਣ ਲਗ ਪਿਆ ਅਤੇ ਉਨ੍ਹਾਂ ਦੇ ਸਪਰਸ਼ ਤੋਂ ਵੀ

ਆਪਣੇ ਆਪ ਨੂੰ ਬਚਾਉਣ ਲਗ ਪਿਆ - ਇਥੋਂ ਤਕ ਕਿ ਮਾਮੂਲੀ ਚਪਰਾਸੀ ਵੀ ਜ਼ਰੂਰੀ ਕਾਗਜਾਤ ਉਨ੍ਹਾਂ ਦੇ ਟੇਬਲ ਉਪਰ ਦੂਰੋਂ ਹੀ ਸੁੱਟ ਦਿਆ ਕਰਦੇ ਸਨ ।

ਸੇਕ੍ਰੇਟੈਰੀਏਟ ਦੇ ਅਫਸਰਾਂ ਦਾ ਆਪਣਾ ਇਕ ਕਲਬ ਸੀ ਜਿੱਥੇ ਉਹ ਖੇਡਨ ਅਤੇ ਖਾਣ ਦਾ ਸ਼ੌਕ ਪੂਰਾ ਕਰਦੇ ਸਨ - ਇਥੇ ਵੀ ਅੰਬੇਡਕਰ ਨੂੰ ਖੇਡਣ ਦੀ ਮਨਾਹੀ ਕਰਕੇ ਇਕ ਪਾਸੇ ਚੁਪ ਜਾਪ ਬਹਿ ਜਾਣ ਦੀ ਹਿਦਾਯਤ ਕੀਤੀ ਗਈ । ਅੰਬੇਡਕਰ ਹਿੰਦੂ ਹੋਣ ਦੇ ਬਾਵਜੂਦ ਹਿੰਦੂਆਂ ਲਈ ਅਛੂਤ ਸਨ ਜਦ ਕਿ ਅੰਬੇਡਕਰ ਨੂੰ ਅਛੂਤ ਮੰਨਣ ਵਾਲੇ ਹਿੰਦੂਆਂ ਲਈ ਪਾਰਸੀ ਅਤੇ ਮੁਸਲਮਾਨ ਅਛੂਤ ਨਹੀਂ ਸਨ । ਇਸ ਤਰ੍ਹਾਂ ਅਪਮਾਨਿਤ ਹੋ ਕੇ ਡਾ੦ ਅੰਬੇਡਕਰ ਨੇ ਕਲਬ ਜਾਣਾ ਵੀ ਛੱਡ ਦਿੱਤਾ ਅਤੇ ਆਪਣਾ ਸਮਾਂ ਬੜੋਦਾ ਦੀ ਸੈਂਟ੍ਰਲ ਲਾਇਬ੍ਰੇਰੀ ਵਿਚ ਪੁਸਤਕਾਂ ਦਾ ਅਧਿਐਨ ਕਰ ਕੇ ਸਕਾਰਥਾ ਕਰਨ ਲਗ ਪਏ ।

ਫਰਜੀ ਨਾਮ ਨਾਲ ਈਰਾਨੀ ਹੋਟਲ ਵਿਚ ਰਹਿਣ ਬਾਰੇ ਪਾਰਸੀਆਂ ਨੂੰ ਪਤਾ ਲਗ ਗਿਆ ਸੀ - ਫਿਰ ਕੀ ਹੋਇਆ, ਇਸ ਬਾਰੇ ਡਾ੦ ਅੰਬੇਡਕਰ ਦੇ ਸ਼ਬਦਾਂ ਵਿਚ -

'ਮੈਂ ਭੋਜਨ ਕਰਕੇ ਦਫਤਰ ਜਾਣ ਲਈ ਬਾਹਰ ਨਿਕਲਿਆ ਹੀ ਸਾਂ ਕਿ ਹੱਥਾਂ ਵਿਚ ਡਾਂਗਾ ਲਈ ਪੰਦਰਾ ਵੀਹ ਪਾਰਸੀ ਮੈਨੂੰ ਮਾਰਨ ਲਈ ਆ ਪਹੁੰਚੇ - ਉਨ੍ਹਾਂ ਪੁਛਿਆ - 'ਤੁਮ ਕੋਨ ਹੋ' । ਮੈਂ ਉਤਰ ਦਿੱਤਾ - ਹਿੰਦੂ ਹੂੰ ! ਪਰ ਇਸ ਉਤਰ ਨਾਲ ਉਹ ਸੰਤੁਸ਼ਟ ਨਹੀਂ ਹੋਏ । ਤੂੰ ਤੂੰ, ਮੈਂ ਮੈਂ ਤੋਂ ਬਾਦ ਉਨ੍ਹਾਂ ਕਿਹਾ ਕਿ ਮੈਂ ਹੋਟਲ ਤੁਰੰਤ ਖਾਲੀ ਕਰ ਦੇਵਾਂ - ਉਸ ਵੇਲੇ ਮੇਰੇ ਹੌਸਲੇ ਨੇ ਮੇਰਾ ਪੂਰਾ ਸਾਥ ਦਿੱਤਾ ਅਤੇ ਮੈਂ ਨਿਰਭੈਤਾ ਨਾਲ ਕਿਹਾ ਕਿ ਮੈਨੂੰ ਅੱਠ ਘੰਟੇ ਦਾ ਸਮਾਂ ਦਿੱਤਾ ਜਾਵੇ । ਉਨ੍ਹਾਂ ਮੰਨ ਲਿਆ । ਮੈਂ ਸਾਰਾ ਦਿਨ ਰਹਿਣ ਲਈ ਥਾਂ ਲੱਭਦਾ ਰਿਹਾ ਪਰ ਸਫਲਤਾ ਨਹੀਂ ਮਿਲੀ । ਮੈਂ ਕੁਝ ਮਿਤ੍ਰਾਂ ਨੂੰ ਮਿਲਿਆ ਪਰ ਉਨ੍ਹਾਂ ਵੀ ਟਰਕਾ ਦਿੱਤਾ - ਆਖਰ ਲਾਚਾਰ ਹੋ ਕੇ ਮੈਂ ਰਾਤ ਦੀ ਟ੍ਰੇਨ ਫੜ ਬੰਬਈ ਆ ਗਿਆ ।

ਬੰਬਈ ਪੁੱਜ ਕੇ ਸ੍ਰੀ ਕ੍ਰਿਸ਼ਨਾ ਜੀ ਕੇਲੁਸਕਰ ਜੀ ਨਾਲ ਮੁਲਾਕਾਤ ਕਰ ਸਾਰੀ ਗੱਲ ਦੱਸੀ ਉਨ੍ਹਾਂ ਬੜੋਦਾ ਦੇ ਇਕ ਪ੍ਰੋਫੈਸਰ ਜੋਸ਼ੀ ਜੀ ਨਾਲ ਸੰਪਰਕ ਕੀਤਾ ਜੋ ਕਿ ਕਾਫੀ ਪ੍ਰਗਤੀਸ਼ੀਲ ਵਿਚਾਰਾਂ ਵਾਲੇ ਸਨ ਉਨ੍ਹਾਂ ਨੇ ਕਿਹਾ ਕਿ ਮੈਂ ਛੂਆ-ਛੂਤ ਨਹੀਂ ਮੰਨਦਾ । ਇਸ ਲਈ ਡਾ੦ ਅੰਬੇ

ਡਦਰ ਮੇਰੇ ਘਰ ਰਹਿ ਸਕਦੇ ਹਨ। ਸੋ ਡਾ० ਅੰਬੇਡਕਰ ਅਪਮਾਨਿਤ ਹੋਣ ਦੇ ਬਾਵਜੂਦ ਫਿਰ ਬੜੋਦਾ ਗਏ। ਪਰ ਬੜੋਦਾ ਸਟੇਸ਼ਨ ਉਤੇ ਪ੍ਰੋ० ਜੋਸ਼ੀ ਦੇ ਨੌਕਰ ਨੇ ਅੰਬੇਡਕਰ ਜੀ ਨੂੰ ਇਕ ਚਿੱਠੀ ਦਿੱਤੀ ਜਿਸ ਵਿਚ ਪ੍ਰੋ० ਜੋਸ਼ੀ ਨੇ ਲਿਖਿਆ ਸੀ ਕਿ ਭਾਵੇਂ ਮੈਂ ਛੂਆ-ਛੂਤ ਨੂੰ ਨਹੀਂ ਮੰਨਦਾ ਪਰ ਮੇਰੀ ਪਤਨੀ ਪ੍ਰਗਤੀਸ਼ੀਲ ਨਾ ਹੋਣ ਕਰਕੇ ਅਸਪ੍ਰਸਤਾ (ਛੂਆ ਛੂਤ) ਦੀ ਬੀਮਾਰੀ ਨਾਲ ਗ੍ਰਸਤ ਹੈ ਇਸ ਕਰ ਕੇ ਤੁਸੀਂ ਮੇਰੇ ਘਰ ਆਉਣ ਦੀ ਖੇਚਲ ਨਾ ਕਰਨਾ।

ਇਕ ਵਾਰ ਫਿਰ ਅਛੂਤ ਹੋਣ ਦੀ ਸੱਟ ਡਾ० ਅੰਬੇਡਕਰ ਦੇ ਦਿਲ ਨੂੰ ਫੀਤਾ ਫੀਤਾ ਕਰ ਗਈ - ਉਹ ਸਟੇਸ਼ਨ ਤੋਂ ਹੀ ਬੰਬਈ ਦੀ ਟ੍ਰੇਨ ਫੜ ਮੁੜ ਬੰਬਈ ਚਲੇ ਗਏ।

ਗਾਯਕਵਾੜ ਦੇ ਮਹਾਰਾਜਾ ਸਯਾ ਜੀ ਰਾਵ ਭਾਵੇਂ ਆਪ ਪ੍ਰਗਤੀਸ਼ੀਲ ਸਨ ਅਤੇ ਉਹ ਅੰਬੇਡਕਰ ਜੀ ਨੂੰ ਉਚ ਪਦ ਦੇਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਸੇਕ੍ਰੈਟਰਿਏਟ ਦੇ ਕਰਮਚਾਰੀਆਂ ਦੇ ਵਿਰੋਧ ਅਤੇ ਕਰਮਚਾਰੀਆ ਤੋਂ ਜਨਤਾ ਵਿਚ ਫੈਲੀਆਂ ਭ੍ਰਾਂਤੀਆਂ ਕਰ ਬਣ ਗਏ ਮਾਹੌਲ ਨੂੰ ਮਹਾਰਾਜਾ ਸਖਤੀ ਨਾਲ ਦਬਾਉਣ ਵਿਚ ਅਸਮਰਥ ਰਹੇ। ਰਿਆਸਤ ਦੇ ਕਟਰਪੰਥੀ ਅਧਿਕਾਰੀਆਂ ਕਰ ਕੇ ਮਹਾਰਾਜਾ ਸਯਾ ਜੀ ਰਾਵ ਡਾ० ਅੰਬੇਡਕਰ ਦੇ ਮਾਮਲੇ ਵਿਚ ਮੋਨ ਹੋ ਗਏ।

## ਹਰ ਅਪਮਾਨ ਨਾਲ ਹੌਂਸਲਾ ਵਧਦਾ ਰਿਹਾ

ਚੂੰਕਿ ਡਾ० ਅੰਬੇਡਕਰ ਇਕ ਸ੍ਵਾਭਿਮਾਨੀ ਪੁਰਸ਼ ਸਨ ਅਤੇ ਆਤਮ ਵਿਸ਼ਵਾਸ਼ ਵਿਚ ਯਕੀਨ ਰੱਖਣ ਵਾਲੇ ਪੱਕੇ ਇਰਾਦੇ ਦੇ ਮਾਲਕ ਸਨ ਇਸ ਕਰਕੇ ਹਰ ਅਪਮਾਨ ਤੋਂ ਬਾਦ ਦਿਲ ਢਾ ਕੇ ਬਹਿ ਜਾਣ ਦੇ ਬਜਾਏ ਹੋਰ ਦ੍ਰਿੜ ਪ੍ਰਤਿਗ ਹੋ ਜਾਦੇਂ - ਇਹੀ ਕਾਰਨ ਸੀ ਕਿ ਬੜੋਦਾ ਵਿਖੇ ਹੋਏ ਅਪਮਾਨ ਤੋਂ ਬਾਦ ਉਨ੍ਹਾਂ ਇਹ ਨਿਸ਼ਚਾ ਕਰ ਲਿਆ ਕਿ ਹਿੰਦੂ ਸਮਾਜ ਦੇ ਅਨਿਆਏ ਅਤੇ ਅਤਿਆਚਾਰ ਦਾ ਮੁਕਾਬਲਾ ਕਰ ਕੇ ਅਸਪ੍ਰਸ਼ਤਾ ਅਤੇ ਛੂਤ-ਛਾਤ ਹਰ ਹਾਲ ਵਿਚ ਮਿਟਾਣ ਲਈ ਆਪਣਾ ਪੂਰਾ ਜੀਵਨ ਲਾ ਦੇਣਗੇ। ਉਨ੍ਹਾਂ ਨੇ ਸੋਚਿਆ ਕਿ ਜਦ ਮੇਰੇ ਵਰਗੇ ਅਛੇ ਖਾਸੇ ਪੜੇ

ਲਿਖੇ ਬੰਦੇ ਨਾਲ ਇਹ ਸਲੂਕ ਹੋ ਰਿਹਾ ਹੈ ਤਾਂ ਵਿਚਾਰੇ ਅਨਪੜ੍ਹ ਗਰੀਬ ਦਲਿਤਾਂ ਦਾ ਕੀ ਹਾਲ ਬਣਦਾ ਹੋਵੇਗਾ। ਜੇ ਕਰ ਮੈਂ ਇਨ੍ਹਾਂ ਦਾ ਉਧਾਰ ਨ ਕਰ ਸਕਿਆ - ਦਲਿਤਾਂ ਨੂੰ ਹਿੰਦੂਆਂ ਦੇ ਅਨਿਆਏ ਅਤੇ ਬ੍ਰਾਹਮਣਾ ਦੇ ਅਤਿਆਚਾਰ ਤੋਂ ਛੁਟਕਾਰਾ ਨਾ ਦਿਵਾ ਸਕਿਆ - ਸਦਿਆਂ ਤੋਂ ਅਛੂਤਾਂ ਨੂੰ ਆਪਣੇ ਆਪ ਨੂੰ ਸ਼ੂਦਰ ਸਮਝੇ ਜਾਣ ਦੀ ਭਾਵਨਾ ਨੂੰ ਨਸ਼ਟ ਨ ਕਰ ਸਕਿਆ ਤਾਂ ਮੇਰੇ ਇਤਨਾ ਪੜ੍ਹਨ ਅਤੇ ਗਿਆਨ ਪ੍ਰਾਪਤ ਕਰਨ ਦਾ ਕੀ ਲਾਭ ਹੈ - ਮੇਰੇ ਜੀਵਨ ਦੀ ਸਾਰਥਕਤਾ ਹੀ ਕੀ ਹੈ ?

ਨਿਸਚਿਤ ਕੀਤੇ ਇਰਾਦੇ ਨੂੰ ਕਾਰਜ ਰੂਪ ਵਿਚ ਬਦਲਣ ਲਈ ਡਾ੦ ਅੰਬੇਡਕਰ ਹਰ ਤਰ੍ਹਾਂ ਦੀ ਘਾਲਣਾ ਘਾਲਣ ਲਈ ਤਿਆਰ ਸਨ।

## ਛੱਤਰਪਤੀ ਸਾਹੂ ਜੀ ਮਹਾਰਾਜ ਨਾਲ ਡਾ੦ ਅੰਬੇਡਕਰ ਦੀ ਮੁਲਾਕਾਤ

ਛੱਤਰਪਤੀ ਸਾਹੂ ਜੀ ਮਹਾਰਾਜ ਕੋਹਲਾਪੁਰ ਵਿਖੇ ਦਲਿਤਾਂ ਦੇ ਉਧਾਰ ਦਾ ਅੰਦੋਲਨ ਚਲਾ ਰਹੇ ਸਨ। 1919 ਵਿਚ ਡਾ੦ ਅੰਬੇਡਕਰ ਦੀ ਸਾਹੂ ਜੀ ਮਹਾਰਾਜ ਨਾਲ ਮੁਲਾਕਾਤ ਹੋਈ। ਸਾਹੂ ਜੀ ਦੀ ਮਦਦ ਨਾਲ ਡਾ੦ ਅੰਬੇਡਕਰ ਜੀ ਨੇ ਦਲਿਤਾਂ ਦਾ ਦ੍ਰਿਸ਼ਟੀਕੋਣ ਸਪਸ਼ਟ ਕਰਨ ਲਈ 31 ਜਨਵਰੀ 1920 ਨੂੰ 'ਮੂਕ ਨਾਯਕ' (ਗੂੰਗਿਆ ਦਾ ਨੇਤਾ) ਨਾਮਕ ਇਕ ਮਰਾਠੀ 15 ਰੋਜ਼ਾ ਪੱਤਰ ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਮੂਕ ਨਾਯਕ ਦੇ ਸੰਪਾਦਕ ਦੇ ਤੌਰ ਤੇ ਸ੍ਰੀ ਪਾਂਡੂਰੰਗ ਨੰਦਰਾਮ ਭਟਕਰ ਨਾਮਕ ਮਹਾਰ ਜਾਤੀ ਦੇ ਸਨ ਨੂੰ ਨਿਯੁਕਤ ਕੀਤਾ ਗਿਆ ਸੀ - ਇਸ ਪੱਤਰ ਦੇ ਪਹਿਲੇ 13 ਅੰਕਾਂ ਵਿਚ ਮੁੱਖ ਲੇਖ ਡਾ੦ ਭੀਮ ਰਾਵ ਅੰਬੇਡਕਰ ਜੀ ਨੇ ਹੀ ਲਿਖੇ ਸਨ। ਧਿਆਨ ਦੇਣ ਯੋਗ ਹੈ ਕਿ ਵੱਡੇ-ਵੱਡੇ ਨੇਤਾਵਾਂ ਵਿਚ ਵੀ ਸੰਕੁਚਿਤ ਭਾਵ ਕਿਸ ਕਦਰ ਘਰ ਕਰ ਜਾਂਦੇ ਸਨ ਇਸ ਦਾ ਉਦਾਹਰਣ ਇਹ ਹੈ ਕਿ 'ਮੂਕ ਨਾਯਕ' (ਪਾਕਛਿਕ) ਦੇ ਪ੍ਰਕਾਸ਼ਨ ਦਾ ਵਿਗਿਆਪਨ ਲੋਕਮਾਨਯ ਤਿਲਕ ਤੇ ਪੱਤਰ ਕੇਸਰੀ ਵਿਚ ਪ੍ਰਕਾਸ਼ਿਤ ਨਹੀਂ ਸੀ ਕੀਤਾ ਗਿਆ।

21 ਮਾਰਚ 1920 ਨੂੰ ਕੋਹਲਾਪੁਰ ਰਿਆਸਤ ਦੇ ਮਾਣ ਗਾਂਵ ਵਿਖੇ ਡਾ੦ ਅੰਬੇਡਕਰ ਦੀ ਪ੍ਰਧਾਨਗੀ ਹੇਠ ਅਛੂਤਾਂ ਦੀ ਇਕ ਕਾਂਨਫ੍ਰੰਸ ਹੋਈ । ਸਾਹੂ ਜੀ ਮਹਾਰਾਜ ਨੇ ਕਾਨਫ੍ਰੰਸ ਵਿਚ ਭਾਸ਼ਣ ਦੇਂਦੇ ਹੋਏ ਕਿਹਾ ਕਿ - 'ਭਾਈਓ ਆਜ ਆਪ ਕੋ ਡਾ੦ ਅੰਬੇਡਕਰ ਕੇ ਰੂਪ ਮੇਂ ਆਪਨਾ ਏਕ ਰਕਸ਼ਕ ਨੇਤਾ ਮਿਲਾ ਗਿਆ ਹੈ । ਮੁਝੇ ਪੂਰਨ ਵਿਸ਼ਵਾਸ ਹੈ ਕਿ ਡਾ੦ ਅੰਬੇਡਕਰ ਆਪ ਕੀ ਅਛੂਤਪਨ ਕੀ ਬੇੜੀਆਂ ਤੋੜ ਦੇਂਗੇ । ਸਮਯ ਆਏਗਾ, ਔਰ ਡਾ੦ ਅੰਬੇਡਕਰ ਅਖਿਲ ਭਾਰਤ ਕੇ ਪ੍ਰਥਮ ਸ਼੍ਰੇਣੀ ਕੇ ਨੇਤਾ ਕੇ ਰੂਪ ਮੇ ਚਮਕ ਉਠੇਂਗੇ ।

(ਸਾਹੂ ਜੀ ਮਹਾਰਾਜ ਦੀ ਭਵਿਸ਼ ਬਾਣੀ ਠੀਕ ਸਾਬਤ ਹੋਈ ਅਤੇ ਡਾ੦ ਅੰਬੇਡਕਰ ਆਜ਼ਾਦੀ ਤੋਂ ਬਾਦ ਭਾਰਤ ਦੇ ਗਿਣੇ ਚੁਣੇ ਪੜੇ ਲਿਖੇ ਅਤੇ ਵਿਦਵਾਨ ਨੇਤਾਵਾਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਪਾਏ ਗਏ ।)

ਮਈ 1920 ਵਿਚ ਡਾ੦ ਅੰਬੇਡਕਰ ਦੀ ਪ੍ਰੇਰਨਾ ਅਤੇ ਪ੍ਰਯਤਨਾਂ ਨਾਲ ਨਾਗਪੁਰ ਵਿਖੇ ਛਤਰਪਤੀ ਸਾਹੂ ਜੀ ਮਹਾਰਾਜ ਦੀ ਪ੍ਰਧਾਨਗੀ ਵਿਚ ਅਖਿਲ ਭਾਰਤੀ ਬਹੀਸ਼ਕ੍ਰਿਤ ਕਾਨਫ੍ਰੰਸ ਹੋਈ । ਵਿਸ਼ਯ ਨਿਯਾਮਕ ਕਮੇਟੀ ਵਿਚ ਡਾ੦ ਅੰਬੇਡਕਰ ਨੇ ਕਿਹਾ 'ਅਛੂਤ ਸਮਾਜ ਕੀ ਪ੍ਰਗਤਿ ਮੇਂ ਬਾਧਕ ਬਨਨੇ ਵਾਲੀ ਕੋਈ ਭੀ ਸੰਸਥਾ ਯਾ ਵਿਅਕਤੀ, ਵੋ ਚਾਹੇ ਅਛੂਤ ਸਮਾਜ ਕਾ ਹੋ ਯਾ ਸਾਵਰਣ ਹਿੰਦੂ ਸਮਾਜ ਕਾ ਉਸ ਕਾ ਹਮੇ ਤੀਵ੍ਰ ਨਿਸੇਧ ਕਰਨਾ ਹੈ - ਉਸ ਨੇ ਅਛੂਤਾਂ ਨੂੰ ਸੰਬੋਧਨ ਕੀਤਾ ਕਿ ਹੁਣ ਤੁਹਾਨੂੰ ਆਪਣੇ ਪੈਰਾਂ ਤੇ ਖੜਾ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ - ਨਾਗਪੁਰ, ਕਾਨਫ੍ਰੰਸ ਅਛੂਤੋ ਉਧਾਰ ਅੰਦੋਲਨ ਵਿਚ ਇਕ ਨਵਾਂ ਮੋੜ ਸੀ । ਇਸ ਵਿਚ ਅਛੂਤਾਂ ਨੇ ਸਵਾਵਲੰਬਨ ਦੀ ਲੋੜ ਨੂੰ ਮਹਿਸੂਸ ਕੀਤਾ - ਇਹ ਇਕ ਨਵੀਂ ਗੱਲ ਸੀ ਪਰ ਡਾ ਅੰਬੇਡਕਰ ਨੇ ਅਜੇ ਅਛੂਤਾਂ ਦੇ ਉਧਾਰ ਦਾ ਅੰਦੋਲਨ ਪੂਰੀ ਤਰ੍ਹਾਂ ਸ਼ੁਰੂ ਨਹੀਂ ਸੀ ਕੀਤਾ ਕਿਉਂਕਿ ਅਜੇ ਉਨ੍ਹਾਂ ਦੀ ਨਜ਼ਰ ਲੰਦਨ ਯੂਨੀਵਰਸਿਟੀ ਵਲ ਲਗੀ ਹੋਈ ਸੀ ।

ਡਾ੦ ਅੰਬੇਡਕਰ ਜੀ 11 ਨਵੰਬਰ 1918 ਨੂੰ ਬੰਬਈ ਦੇ ਸਿਡੇਨਹਮ ਕਾਲਜ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਸਨ ਅਤੇ 5.7.1920 ਨੂੰ ਨੌਕਰੀ ਤੋਂ ਨਿਵਰਤ ਹੋ ਕੇ ਲੰਦਨ ਚਲੇ ਗਏ ਅਤੇ ਪੂਰੀ ਲਗਨ ਨਾਲ ਪੜ੍ਹਾਈ ਵਿਚ ਆਪਣੇ ਆਪ ਨੂੰ ਸਮੋ ਦਿਤਾ -

ਪਰਿਣਾਮ ਸ੍ਰੂਪ ਜੂਨ 1921 ਵਿਚ ਲੰਡਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਬ੍ਰਿਟਿਸ਼ ਭਾਰਤ ਵਿਚ ਪ੍ਰਾਂਤੀਯ ਜਮਾਬੰਦੀ (Provicial Decentralization of Imperial Finanace in British India) ਪ੍ਰਬੰਧ ਤੇ ਐਮ.ਐਸ.ਸੀ. ਦੀ ਡਿਗਰੀ ਪ੍ਰਦਾਨ ਕੀਤੀ - ਇਸ ਤੋਂ ਬਾਦ ਡਾ੦ ਅੰਬੇਡਕਰ ਡੀ.ਐਸ.ਸੀ. ਲਈ ਥੀਸਸ ਲਿਖਣ ਵਿਚ ਰੁਝ ਗਏ ।

ਸੁਭਾਵਕ ਤੌਰ ਤੇ ਤਾਂ ਅੰਬੇਡਕਰ ਜੀ ਖਾਣ ਖਰਚਣ ਵਿਚ ਬਹੁਤ ਹੀ ਸੰਜਮੀ ਸਨ ਪਰ ਪੁਸਤਕਾਂ ਖਰੀਦਣ ਵੇਲੇ ਵਿਤੋਂ ਵੱਧ ਖਰਚ ਕਰ ਦੇਂਦੇ ਸਨ । ਇਹੀ ਕਾਰਨ ਸੀ ਕਿ ਹਮੇਸ਼ਾ ਤੰਗ ਦਸਤੀ ਵਿਚ ਹੀ ਗੁਜਾਰਾ ਕਰਨਾ ਪੈਂਦਾ ਸੀ - ਇਥੋਂ ਤਕ ਕਿ ਕਈ ਵਾਰ ਰੋਟੀ ਖਾਣ ਜੋਗੇ ਪੈਸੇ ਵੀ ਨਹੀਂ ਸਨ ਹੋਂਦੇ । ਅਕਸਰ ਕੇਵਲ ਚਾ ਅਤੇ ਡਬਲਰੋਟੀ ਖਾ ਕੇ ਕਈ ਕਈ ਡੰਗ ਟਪਾ ਲੈਂਦੇ ਸਨ - ਇਹੋ ਜਿਹੇ ਹਾਲਾਤ ਵਿਚ ਅਕਤੂਬਰ 1921 ਵਿਚ ਰੁਪਏ ਕਾ ਪ੍ਰਸ਼ਨ (The Problem of the Rupee) ਨਾਮਕ ਪ੍ਰਬੰਧ ਲੰਦਨ ਯੂਨੀਵਰਸਿਟੀ ਵਿਚ ਦਾਖਲ ਕੀਤਾ ਅਤੇ ਬਾਰ ਐਟ ਲਾ (Bar at Law) ਪਰੀਖਿਆ ਲਈ ਕਾਨੂੰਨ ਦੀ ਪੜਾਈ ਵਿਚ ਜੁਟ ਗਏ । ਸਮਾਂ ਪਾ ਕੇ ਪਰੀਖਿਆ ਹੋਈ ਜਿਸ ਵਿਚੋਂ ਪਾਸ ਹੋ ਕੇ ਉਨ੍ਹਾਂ ਨੇ ਬਾਰ ਐਟ ਲਾਅ ਦੀ ਡਿਗਰੀ ਵੀ ਪ੍ਰਾਪਤ ਕਰ ਲਈ ।

ਡਾ੦ ਅੰਬੇਡਕਰ ਬਾਰ ਐਟ ਲਾਅ ਕਰਨ ਤੋਂ ਬਾਦ ਜਰਮਨੀ ਚਲੇ ਗਏ । ਉਹ ਉਥੋਂ ਵੀ ਡਾਕਟ੍ਰੇਟ ਕਰਨਾ ਚਾਹੁੰਦੇ ਸਨ ਪਰ ਲੰਦਨ ਤੋਂ ਪ੍ਰੋਫੈਸਰ ਕੈਨਨ ਦਾ ਬੁਲਾਵਾ ਆ ਜਾਣ ਕਰ ਕੇ ਉਨ੍ਹਾਂ ਨੂੰ ਲੰਦਨ ਜਾਣਾ ਪੈ ਗਿਆ । ਚੂੰਕਿ ਪਰੀਖਿਆ ਸਮਿਤੀ ਵਿਚ ਕੁਝ ਮਤਭੇਦ ਹੋ ਗਿਆ ਸੀ, ਸੋ ਡਾ੦ ਅੰਬੇਡਕਰ ਪ੍ਰੋਫੈਸਰ ਕੈਨਨ ਦੀ ਸਲਾਹ ਅਨੁਸਾਰ ਆਪਣੇ ਪ੍ਰਬੰਧ ਵਿਚ ਲੋੜ ਅਨੁਸਾਰ ਸੁਧਾਰ ਕਰਨ ਲਗ ਪਏ - ਪਰ ਇਸ ਸਮੇਂ ਆਰਥਕ ਤੰਗੀ ਅਤੇ ਕਿਧਰੋਂ ਵੀ ਕਿਸੇ ਪ੍ਰਕਾਰ ਦੀ ਆਰਥਕ ਮਦਦ ਨ ਮਿਲਣ ਕਰ ਕੇ ਉਨ੍ਹਾਂ ਨੂੰ ਮਜ਼ਬੂਰਨ ਬੰਬਈ ਵਾਪਸ ਆਣਾ ਪੈ ਗਿਆ ਅਤੇ ਬੰਬਈ ਤੋਂ ਹੀ ਉਹ ਸੋਧ ਪ੍ਰਬੰਧ ਲੰਦਨ ਯੂਨੀਵਰਸਿਟੀ ਨੂੰ ਦੋਬਾਰਾ ਭੇਜਿਆ - ਇਸ 'ਦਿ ਪ੍ਰਾਬਲਮ ਆਫ ਦਿ ਰੁਪੀ' (Problem of the Rupee) ਸੋਧ ਪ੍ਰਬੰਧ ਲਈ ਲੰਦਨ ਯੂਨੀਵਰਸਿਟੀ ਨੇ ਡਾ੦ ਅੰਬੇਡਕਰ ਨੂੰ ਡਾਕਟਰ ਆਫ ਸਾਇੰਸ ਦੀ ਡਿਗ੍ਰੀ ਪ੍ਰਦਾਨ

ਕੀਤੀ। ਦਿਸੰਬਰ 1926 ਨੂੰ ਇਹ ਪ੍ਰਬੰਧ ਲੰਦਨ ਵਿਚ ਪ੍ਰਕਾਸ਼ਿਤ ਹੋਇਆ। ਦੁਨੀਆਂ ਭਰ ਦੇ ਅਰਥ ਸ਼ਾਸਤ੍ਰੀਆਂ ਨੇ ਇਸ ਸ਼ੋਧ ਦੀ ਕਾਫੀ ਪ੍ਰਸ਼ੰਨਸਾ ਕੀਤਾ - ਇਸ ਪ੍ਰਬੰਧ ਵਿਚ ਡਾ੦ ਅੰਬੇਡਕਰ ਨੇ ਇਹ ਸਿਧ ਕਰ ਦਿੱਤਾ ਸੀ ਕਿ ਰੁਪਏ ਦਾ ਪੌਂਡ ਨਾਲ ਨਾਤਾ ਜੋੜ ਕੇ ਬ੍ਰਿਟਿਸ਼ ਸਰਕਾਰ ਨੇ ਹਿੰਦੀ ਜਨਤਾ ਨੂੰ ਬੜਾ ਨੁਕਸਾਨ ਪਹੁਚਾਇਆ।

## ਅਸਪ੍ਰਸ਼ਤਾ ਨਿਵਾਰਨ ਅੰਦੋਲਨ

ਕੋਲੰਬੀਆ ਯੂਨੀਵਰਸਿਟੀ ਤੋਂ ਐਮ.ਏ., ਪੀ.ਐਚ.ਡੀ. ਅਤੇ ਲੰਦਨ ਯੂਨੀਵਰਸਿਟੀ ਤੋਂ ਐਮ.ਐਸ.ਸੀ., ਡੀ.ਐਸ.ਸੀ. ਅਤੇ ਬਾਰ ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕਰਨ ਤੋਂ ਬਾਦ ਡਾ੦ ਅੰਬੇਡਕਰ ਆਪਣੇ ਜੀਵਨ ਦੇ ਮੁੱਖ ਉਦੇਸ਼ ਨੂੰ ਪੂਰਾ ਕਰਨ ਲਈ ਅਸਪ੍ਰਸ਼ਤਾ (ਛੂਤ-ਛਾਤ) ਮਿਟਾਣ ਦੇ ਅੰਦੋਲਨ ਵਿਚ ਪੂਰੀ ਤਰ੍ਹਾਂ ਕੁਦ ਪਏ। ਬੌਧਿਕ ਤੌਰ ਤੇ ਉਹ ਬਹੁਤ ਹੀ ਵਿਸ਼ਾਲ ਹੋ ਚੁੱਕੇ ਸਨ। ਉਨ੍ਹਾਂ ਦੀ ਸਮਰਣ ਸ਼ਕਤੀ ਆਸਚਰਜਨਕ ਰੂਪ ਵਿਚ ਤੀਬਰ ਹੋ ਚੁੱਕੀ ਸੀ - ਅਛੂਤ ਸਮਾਜ ਵਿਚ ਉਨ੍ਹਾਂ ਦੀ ਥਾਂ ਸਭ ਤੋਂ ਉਚੀ ਸੀ - ਕਈਆਂ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਜਦ ਤੋਂ ਹਿੰਦੂ ਸਮਾਜ ਵਿਚ ਅਸਪ੍ਰਸ਼ਤਾ (ਛੂਤ-ਪੁਣਾ) ਸ਼ੁਰੂ ਹੋਈ ਤਦ ਤੋਂ ਯਾਨੀ ਸਦੀਆਂ ਤੋਂ ਅਛੂਤਾਂ ਵਿਚ ਡਾ੦ ਅੰਬੇਡਕਰ ਵਰਗੀ ਯੋਗਤਾ ਦਾ ਕੋਈ ਪੁਰਖ ਪੈਦਾ ਹੀ ਨਹੀਂ ਹੋਇਆ - ਵੀਹਵੀਂ ਸਦੀ ਦੇ ਸਵਰਣ ਹਿੰਦੂਆਂ ਵਿਚ ਵੀ ਵਿਅਕਤਿਤਵ, ਵਿਦਵਤਾ, ਨਿਸ਼ਾਨੇ ਪ੍ਰਤੀ ਨਿਸ਼ਠਾ ਅਤੇ ਪਰਿਸ਼ਰਮਸੀਲਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਡਾ੦ ਅੰਬੇਡਕਰ ਦਾ ਸਥਾਨ ਪਹਿਲੀ ਕਤਾਰ ਦੇ ਗਿਣੇ ਚੁਣਿਆਂ ਵਿਚ ਸੀ।

# ਮਹਾਤਮਾ ਜੋਤਿਬਾ ਫੂਲੇ ਦਾ ਅੰਦੋਲਨ ਅਤੇ ਗਾਂਧੀ ਜੀ, ਨਹਿਰੂ ਤੇ ਸਾਰਵਰਕਰ ਜੀ ਦੇ ਵੀਚਾਰ

ਛੂਤ ਛਾਤ ਮਿਟਾਣ ਦਾ ਅੰਦੋਲਨ ਵਾਸਤਵ ਵਿਚ ਹਿੰਦੂ ਸਮਾਜ ਦੀ ਰਹੁ-ਰੀਤ ਦੀਆਂ ਮੂਲ ਜੜ੍ਹਾਂ ਵਿਚ ਕ੍ਰਾਂਤੀ ਦਾ ਅੰਦੋਲਨ ਸਭ ਤੋਂ ਪਹਿਲਾਂ ਮਹਾਰਾਸ਼ਟ੍ਰ ਦੇ ਮਹਾਤਮਾ ਜੋਤਿਬਾ ਫੂਲੇ ਨੇ ਸ਼ੁਰੂ ਕੀਤਾ। ਉਨ੍ਹਾਂ ਨੇ ਉਸ ਸਮੇਂ ਦੀਆਂ ਪਰਸਥਿਤੀਆਂ ਅਨੁਸਾਰ ਯਥਾ ਸ਼ਕਤੀ ਕੰਮ ਵੀ ਕੀਤਾ - ਡਾ ਅੰਬੇਡਕਰ ਮਹਾਤਮਾ ਜੋਤਿਬਾ ਫੂਲੇ ਦੀ ਪਰੰਪਰਾ ਦੇ ਹੀ ਕ੍ਰਾਂਤਕਾਰੀ ਸਮਾਜ ਸੁਧਾਰਕ ਸਨ।

ਗਾਂਧੀ ਜੀ ਹਿੰਦੂ ਸਮਾਜ - ਪੱਧਤੀ ਦਾ ਮੂਲ ਢਾਂਚਾ ਕਾਇਮ ਰਖਦੇ ਹੋਇਆ ਛੂਆ-ਛੂਤ ਦਾ ਖਾਤਮਾ ਕਰਨਾ ਚਾਹੁੰਦੇ ਸਨ ਜਦ ਕਿ ਜਵਾਹਰ ਲਾਲ ਨਹਿਰੂ ਜੀ ਦਾ ਵਿਚਾਰ ਸੀ ਕਿ ਸਾਡੇ ਵਰਤਮਾਨ ਜੀਵਨ ਅਤੇ ਪਰਸਥਿਤੀਆਂ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਪ੍ਰਾਚੀਨ ਕਾਲ ਤੋਂ ਚੰਬੜੀ ਹੋਈ ਇਸ ਛੂਆ-ਛਾਤ ਦੀ ਬੀਮਾਰੀ ਨੂੰ ਆਖ਼ਰ ਖਤਮ ਹੋਣਾ ਹੀ ਪਵੇਗਾ। ਡਾ० ਅੰਬੇਡਕਰ ਪ੍ਰਾਚੀਨ ਕਾਲ ਤੋਂ ਚੰਬੜੀ ਹੋਈ ਇਸ ਬੀਮਾਰੀ, ਅਰਥਾਤ ਵਰਣ ਭੇਦ ਨੂੰ ਸਾਰੀਆਂ ਬੁਰਾਈਆਂ ਦੀ ਜੜ ਅਤੇ ਵਰਤਮਾਨਕਾਲ ਦਾ ਸਭ ਤੋਂ ਘਾਤਕ ਨਿਕਮਾਪਨ ਸਮਝ ਕੇ ਉਸ ਦਾ ਅੰਤ ਕਰਨਾ ਚਾਹੁੰਦੇ ਸਨ ਜਿਸ ਦਾ ਨਹਿਰੂ ਦੇ ਸ਼ਬਦਾਂ ਵਿਚ ਅੰਤ ਹੋਣ ਵਾਲਾ ਹੈ। ਇਹ ਗਾਂਧੀ ਨਹਿਰੂ ਅਤੇ ਅੰਬੇਡਕਰ ਦੇ ਵਿਚਾਰਾਂ ਦਾ ਮੌਲਿਕ ਅੰਤਰ ਸੀ।

ਜਿੱਥੇ ਤਕ ਅਸਪ੍ਰਸ਼ਤਾ ਦਾ ਸਵਾਲ ਹੈ, ਵੀਰ ਸਾਵਰਕਰ ਜੀ ਦੇ ਵਿਚਾਰ ਕਾਫੀ ਸੁਲਝੇ ਹੋਏ ਜਾਪਦੇ ਹਨ। ਵੀਰ ਸਾਵਰਕਰ ਇਕ ਹਿੰਦੂ ਰਾਸ਼ਟਰਵਾਦੀ ਸਨ ਇਸ ਕਰਕੇ ਹਿੰਦੂ ਸੰਗਠਨਾਂ ਦੇ ਸਮਰਥਕ ਸਨ ਜਦਕਿ ਜਾਤੀ ਭੇਦ ਅਤੇ ਛੂਆ-ਛੂਤ ਹਿੰਦੂ ਸੰਗਠਨ ਲਈ ਬਾਧਕ (ਰੋੜਾ) ਸੀ, ਇਸ ਲਈ ਵੀਰ ਸਾਵਰਕਰ ਜੀ ਨੇ ਜਾਤੀ ਭੇਦ ਅਤੇ ਛੂਆ-ਛੂਤ ਉਤੇ ਸਫਲਤਾਪੂਰਵਕ ਵਾਰ ਕੀਤੇ - ਉਨ੍ਹਾਂ ਨੇ ਰਤਨਾਗਿਰੀ ਵਿਖੇ ਇਕ ਪਤਿਤ ਪਾਵਨ ਨਾਮ ਦਾ ਮੰਦਰ ਬਣਵਾ ਕੇ ਉਥੇ ਅਛੂਤਾਂ ਅਤੇ ਸਾਵਰਣਨਾ ਦਾ ਸੰਮੇਲਨ ਕਰਵਾਇਆ ਅਤੇ ਸਹਿ ਭੋਜ ਦੀ ਪ੍ਰਥਾ ਕਾਇਮ

ਕੀਤੀ - ਸਾਵਰਕਰ ਜੀ ਦਾ ਕਰਮ ਖੇਤਰ ਰਤਨਾਗਿਰੀ ਤਕ ਹੀ ਸੀਮਤ ਸੀ ਜਦ ਕਿ ਉਨ੍ਹਾਂ ਆਪਣੀ ਕਲਮ ਰਾਹੀਂ ਸਾਰੇ ਮਹਾਰਾਸ਼ਟਰ ਵਿਚ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ - ਹਿੰਦੂ ਮਹਾ ਸਭਾ ਦਾ ਪ੍ਰਧਾਨ ਬਣਨ ਤੋਂ ਪਹਿਲੋਂ ਹੀ ਸਾਵਰਕਰ ਜੀ ਇਹ ਕੰਮ ਕਰ ਚੁੱਕੇ ਸਨ। ਸਾਵਰਕਰ ਜੀ ਦੁਆਰਾ ਮੰਦਰ ਬਣਵਾ ਕੇ ਸਹਿ ਭੋਜ ਕਰਨ ਯਾ ਗਾਂਧੀ, ਨਹਿਰੂ, ਸਾਹੂ ਜੀ ਮਹਾਰਾਜ ਜੋਤਿਬਾ ਫੁਲੇ ਆਦਿ ਅਛੂਤਾਂ ਤੇ ਹੋਰ ਨੀਵੀਂ ਜਾਤੀਆਂ ਬਾਰੇ ਵਿਅਕਤ ਕੀਤੇ ਗਏ ਵੀਚਾਰਾਂ ਅਤੇ ਕੀਤੇ ਗਏ ਕਾਰਜਾਂ ਦੇ ਨਾਲ ਲੋਗ ਜੋ ਇਹ ਦਾਵਾ ਕਰਦੇ ਹਨ ਕਿ ਵੀਹਵੀਂ ਸਦੀ ਦੇ ਅੰਬੇਡਕਰ ਜੀ ਤੋਂ ਪਹਿਲਾਂ ਕਿਸੇ ਨੇ ਵੀ ਅਛੂਤਾਂ ਅਤੇ ਨੀਵੀ ਜਾਤੀਆਂ ਲਈ ਕੁਝ ਨਹੀਂ ਕੀਤਾ - ਉਨ੍ਹਾਂ ਸਭਨਾ ਦੀ ਜਾਣਕਾਰੀ ਲਈ ਸੰਛਿਪਤ ਵਿਚ ਇਤਿਹਾਸਕ ਜਾਣਕਾਰੀ ਦੇਣਾ ਲੇਖਕ ਆਪਣਾ ਫਰਜ ਸਮਝਦਾ ਹੈ।

## ਸਿੱਖ ਗੁਰੂਆਂ ਦਾ ਯੋਗਦਾਨ

ਇਹ ਠੀਕ ਹੈ ਕਿ ਸਦੀਆਂ ਤੋਂ ਹੀ ਹਿੰਦੂਆਂ ਵਿਚ ਬ੍ਰਾਹਮਣਾਂ ਨੂੰ ਸਭ ਤੋਂ ਉਚਾ ਅਤੇ ਬਾਕੀਆਂ ਨੂੰ ਦੂਜੇ ਤੀਜੇ ਅਤੇ ਚੌਥੇ ਦਰਜੇ ਦਾ ਸਮਝਿਆ ਜਾਂਦਾ ਸੀ - ਦੂਜੇ ਅਤੇ ਤੀਜੇ ਦਰਜੇ ਵਾਲੇ (ਖਤਰੀ ਅਤੇ ਵੈਸ਼) ਤਾਂ ਸਮਾਜ ਵਿਚ ਕੁਝ ਕਰਨ ਜੋਗੇ ਸਮਝੇ ਜਾਂਦੇ ਸਨ ਪਰ ਚੌਥੇ ਦਰਜੇ ਵਾਲਿਆਂ ਨੂੰ ਸ਼ੂਦ੍ਰ ਨਾਮ ਦੇ ਕੇ ਅਛੂਤਾਂ ਦੀ ਸ਼੍ਰੇਣੀ ਵਿਚ, ਮਨੂੰ ਸਮ੍ਰਿਤੀ, ਅਨੁਸਾਰ ਵਰਗੀਕ੍ਰਿਤ ਕਰਕੇ ਸਭ ਤੋਂ ਨੀਵੇਂ ਕੰਮ ਕਰਨ ਵਾਲਾ ਕਰਾਰ ਦੇ ਦਿੱਤਾ ਗਿਆ ਸੀ। ਇਸ ਸ਼੍ਰੇਣੀ ਵਾਲੇ ਰਬ ਵੱਲੋਂ ਨੀਵੇਂ ਨਹੀਂ ਬਣਾਏ ਗਏ ਸਨ - ਉਹ ਵੀ ਦੂਜਿਆਂ ਦੀ ਤਰ੍ਹਾਂ ਹੀ ਜਨਮ ਲੈਂਦੇ ਸਨ ਪਰ ਤਥਾ-ਕਥਿਤ ਹਿੰਦੂ ਬ੍ਰਾਹਮਣ ਵਾਦੀਆਂ ਵੱਲੋਂ ਕੀਤੇ ਗਏ ਵਰਗੀਕਰਣ ਦੇ ਅੰਤਰਗਤ ਉਨ੍ਹਾਂ ਨੂੰ ਅਛੂਤ ਅਤੇ ਨੀਵਾਂ ਮਨ ਕੇ ਉਹ ਸਾਰੇ ਕੰਮ ਕਰਨ ਲਈ ਮਜ਼ਬੂਰ ਕੀਤਾ ਗਿਆ ਜੋ ਕੰਮ ਹੋਰ ਕੋਈ ਕਰਨਾ ਪਸੰਦ ਨਹੀਂ ਸੀ ਕਰਦਾ। ਸੈਂਕੜੇ ਬਲਕਿ ਹਜਾਰਾਂ ਸਾਲਾਂ ਤੋਂ ਇਹੋ ਜਿਹੇ ਵਾਤਾਵਰਣ ਵਿਚ ਪੀੜ੍ਹੀ, ਦਰ ਪੀੜ੍ਹੀ ਗਿਆਨ ਸਖਣੀ, ਕੀਮਤਾਂ ਕਦਰਾਂ ਤੋਂ ਅਨਜਾਣ ਲੋੜੀਂਦੀਆਂ

ਵਸਤੂਆਂ ਲਈ ਉਚ ਸ਼੍ਰੇਣੀਆਂ ਦਾ ਮੋਹਤਾਜ ਦਲਿਤ ਵਰਗ ਉਪਰ ਉਠਣ ਬਾਰੇ ਸੋਚਣ ਦੇ ਬਜਾਏ ਜਿਸ ਹਾਲ ਵਿਚ ਜੰਮੇ ਉਸੇ ਵਿਚ ਘੁਟ-ਘੁਟ ਜੀਂਦੇ ਅਤੇ ਮਰਦੇ ਰਹਿਣ ਨੂੰ ਹੀ ਆਪਣੀ ਕਿਸਮਤ ਸਮਝ ਕੇ ਸਭ ਕੁਝ ਸਹਿਨ ਕਰੀ ਜਾਂਦੇ ਸੀ - ਇਨ੍ਹਾਂ ਹਜਾਰਾਂ ਸਾਲਾਂ ਦੇ ਦੌਰਾਨ ਹੀ ਲਗਭਗ 500 ਸਾਲ ਪਹਿਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਜੋਤ ਤੋਂ ਪ੍ਰਕਾਸ਼ਿਤ ਹੋਰ 9 ਗੁਰੂ ਸਾਹਿਬਾਨ ਨੇ ਇਕ ਅਹਿਮ ਰੋਲ ਅਦਾ ਕਰਕੇ ਹਰ ਇਕ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' - 'ਅਵਲ ਅਲਾਹ ਨੂੰਰ ਉਪਾਇਆ ਕੁਦਰਤ ਕੇ ਸਭ ਬੰਦੇ' - 'ਸਭੈ ਘਟ ਰਾਮ ਬੋਲੇ ਰਾਮਾ ਬੋਲੇ' - ਆਦਿ ਅਨੇਕਾਂ ਤਰ੍ਹਾਂ ਦੇ ਉਪਦੇਸ਼ ਅਤੇ ਦਿਸ਼ਾ ਨਿਰਦੇਸ਼ ਦੇ ਕੇ ਹਰ ਇਕ ਵਿਚ ਉਸ ਪਰਮ ਪਿਤਾ ਪਰਮੇਸ਼ਵਰ ਦੀ ਜੋਤ ਅਤੇ ਪ੍ਰਕਾਸ਼ ਦਾ ਪ੍ਰਚਾਰ ਕਰ ਹਿੰਦੂ ਹੀ ਨਹੀਂ ਹਿੰਦੂ-ਮੁਸਲਮਾਨ ਸਭਨਾ ਵਿਚ ਭਰਾਤ੍ਰੀ ਭਾਵ ਬਾਰੇ ਕੇਵਲ ਉਪਦੇਸ਼ ਹੀ ਨਹੀਂ ਦਿੱਤਾ - ਸਮਾਜ ਅਤੇ ਦੂਜਿਆਂ ਲਈ ਮਰ-ਮਿਟਣ ਦੀ ਜਾਚ ਵੀ ਸਿਖਾਈ - ਦਬੇ ਕੁਚਲੇ ਤਥਾ-ਕਥਿਤ ਨੀਵੇਂ ਅਤੇ ਅਛੂਤਾਂ ਦੇ ਨਾਲ ਹੀ ਇਸਤ੍ਰੀਆਂ ਨੂੰ ਵੀ ਬਰਾਬਰੀ ਦਾ ਦਰਜਾ ਪ੍ਰਦਾਨ ਕੀਤਾ - ਨੀਮੋ ਝੂਣੇ ਨਿਸਹਾਏ ਅਤੇ ਨਿਰਬਲਾਂ ਵਿਚ ਨਵੀਂ ਰੂਹ ਫੂਕੀ। ਆਪਣੇ ਹਕਾਂ ਲਈ ਲੜਨ ਦੀ ਜਾਚ ਸਿਖਾਈ, ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਅਸੂਲ ਦੱਸੇ। ਸੰਗਤ ਅਤੇ ਪੰਗਤ ਦੀ ਪਰੰਪਰਾ ਕਾਇਮ ਕੀਤੀ। ਲੰਗਰ ਕਾਇਮ ਕਰਕੇ ਛੋਟੇ ਵਡਿਆਂ ਦੇ ਭੇਦ ਮਿਟਾਣ ਦਾ ਪ੍ਰਯਾਸ ਕੀਤਾ। ਹਰ ਇਕ ਨੂੰ ਸ੍ਵਾਵਲੰਬੀ ਨਿਰਭੈ ਅਤੇ ਯੋਧੇ ਬਣਾ ਕੇ ਮਜ਼ਲੂਮਾਂ ਨੂੰ ਜ਼ੁਲਮ ਨਾਲ ਟਕਰਾਉਣਾ ਸਿਖਾਇਆ - ਭਵਿਸ਼ ਲਈ ਸਿੱਖ ਪੰਥ ਅਤੇ ਖਾਲਸਾ ਪੰਥ ਦੀ ਸਿਰਜਨਾ ਕਰ ਕੇ ਨੀਵੇਂ ਅਤੇ ਅਛੂਤ ਵਰਗ ਨੂੰ ਸਦਾ ਸਦਾ ਲਈ ਖਤਮ ਕਰਨ ਦੇ ਅਨੇਕਾਂ ਉਪਾ ਕੀਤੇ। ਲਗਭਗ 500 ਸਾਲਾਂ ਦੀ ਸਿੱਖ ਗੁਰੂਆਂ ਅਤੇ ਸਿੱਖ ਪੰਥ ਦੀਆਂ ਘਾਲਨਾਵਾਂ ਅਤੇ ਕੁਰਬਾਨੀਆਂ ਦੇ ਨਤੀਜੇ ਵਜੋਂ ਜਿਨ੍ਹਾਂ ਨੇ ਕਦੀ ਇਕ ਕੀੜੀ ਵੀ ਨਹੀਂ ਸੀ ਮਾਰੀ ਉਹ ਮਹਾਨ ਯੋਧੇ ਬਣੇ, ਕਈ ਜੰਗਾਂ ਤੇ ਯੁਧਾਂ ਵਿਚ ਸ਼ਾਮਲ ਹੋ ਕੇ ਜਿਤਾਂ ਪ੍ਰਾਪਤ ਕੀਤੀਆਂ ਅਤੇ ਸ਼ਹੀਦ ਵੀ ਹੋਏ। ਗੁਰੂ ਨਾਨਕ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਤੋਂ ਛੁੱਟ ਸਮੇਂ-ਸਮੇਂ ਹੋਰ ਕਈ ਸੰਤਾਂ, ਭਗਤਾਂ, ਸਮਾਜ ਸੁਧਾਰਕਾ ਜਿਵੇਂ ਕਬੀਰ ਜੀ, ਰਾਮਾਨੰਦ, ਰਾਮਾਨੁਜ, ਚੈਤਨਯ, ਰਵਿਦਾਸ, ਤੁਕਾ

ਰਾਮ ਆਦਿ ਨੇ ਵੀ ਛੂਤ-ਛਾਤ ਦੇ ਭੇਦ ਨੂੰ ਕਾਫੀ ਹਦ ਤਕ ਘਟ ਕੀਤਾ ਪਰ ਹਰ ਇਕ ਦਾ ਦਾਇਰਾ ਸੀਮਤ ਹੋਣ ਕਰਕੇ ਕੋਈ ਵੀ ਇਸ ਦੀਆਂ ਜੜ੍ਹਾਂ ਤਕ ਨਹੀਂ ਪਹੁੰਚ ਸਕਿਆ ।

ਸਦੀਆਂ ਤੋਂ ਹਿੰਦੂ ਧਰਮ ਵਿਚ ਪਾਤਾਲ ਤਕ ਪਹੁੰਚ ਚੁੱਕਿਆ ਬ੍ਰਾਹਮਣਵਾਦ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ - ਕਰਮਕਾਂਡ ਅਤੇ ਵਹਿਮਾਂ ਭਰਮਾਂ ਦੇ ਘੇਰਿਆਂ ਵਿਚ ਨੀਵੀਆਂ ਜਾਤਾਂ ਅਤੇ ਦਲਿਤ ਹੀ ਨਹੀਂ ਚੰਗੇ-ਚੰਗੇ ਉੱਚ ਵਰਗੀਏ ਵੀ ਘਿਰਦੇ ਚਲੇ ਗਏ - ਜਿਸ ਦਾ ਲਾਭ ਬਿਪਰ ਹੀ ਨਹੀਂ, ਬਿਪਰ ਮਾਨਸਿਕਤਾ ਵਾਲਾ ਹਰ ਕੋਈ ਚੁਕਦਾ ਰਿਹਾ ।

ਇਹੀ ਕਾਰਨ ਸੀ ਕਿ 19 ਵੀਂ ਅਤੇ ਵੀਹਵੀਂ ਸਦੀ ਵਿਚ ਜਦਕਿ ਦੁਨੀਆਂ ਕਿਤਨੀ ਹੀ ਤਰੱਕੀ ਕਰ ਚੁੱਕੀ ਸੀ ਦਲਿਤਾਂ ਨੂੰ ਹਰ ਥਾਂ ਤੇ ਅਪਮਾਨਿਤ ਹੋਣਾ ਪੈਂਦਾ ਸੀ - ਤਾਂਹਿਉਂ ਤੇ ਅੰਬੇਡਕਰ ਵਰਗਾ ਪੜ੍ਹਿਆ ਲਿਖਿਆ ਵਿਦਵਾਨ ਵੀ ਸੋਚਣ ਤੇ ਮਜ਼ਬੂਰ ਸੀ ਕਿ 'ਜਦ ਮੇਰੇ ਵਰਗੇ ਬੰਦੇ ਨਾਲ ਸਵਰਣ ਸਮਾਜ ਵਿਤਕਰੇ ਕਰ ਸਕਦਾ ਹੈ ਜਿਸ ਕੋਲ ਸੰਸਾਰ ਦੀਆਂ ਪ੍ਰਸਿਧ ਯੂਨੀਵਰਸਿਟੀਆਂ ਦੀਆਂ ਕਈ-ਕਈ ਡ੍ਰਿਗਰੀਆਂ ਮੌਜੂਦ ਹਨ ਤਦ ਆਮ ਦਲਿਤ ਅਤੇ ਅਨਪੜ੍ਹ ਅਛੂਤਾਂ ਦਾ ਤਾਂ ਰਬ ਹੀ ਮਾਲਕ ਹੈ - ਇਹੋ ਸੋਚ ਕੇ ਅੰਬੇਡਕਰ ਜੀ ਨੇ ਅਹਦ ਕਰ ਲਿਆ ਸੀ ਕਿ ਜਦ ਤਕ ਮੈਂ ਇਨ੍ਹਾਂ ਦਲਿਤਾਂ ਅਤੇ ਤਥਾਕਥਿਤ ਅਛੂਤਾਂ ਨੂੰ ਬਰਾਬਰੀ ਦੇ ਹੱਕ ਨਹੀਂ ਦਿਵਾ ਦੇਂਦਾ, ਚੈਨ ਨਾਲ ਨਹੀਂ ਬੈਠਾਂਗਾ ।

ਗਾਂਧੀ ਜੀ ਹੋਣ ਯਾ ਸਾਰਵਰਕਰ ਉਨ੍ਹਾਂ ਵਿਚ ਅਤੇ ਅੰਬੇਡਕਰ ਜੀ ਵਿਚ ਇਕ ਖ਼ਾਸ ਅੰਤਰ ਇਹ ਸੀ ਕਿ ਅੰਬੇਡਕਰ ਜੀ ਆਪ ਦਲਿਤ ਸਨ ਇਸ ਕਰਕੇ ਉਹ ਦੂਜੇ ਹਿੰਦੂ ਸਾਵਰਣ ਸੁਧਾਰ ਵਾਦੀਆਂ ਤੋਂ ਵੱਧ ਤੇ ਚੰਗੀ ਤਰ੍ਹਾਂ ਦਲਿਤ ਸਮਾਜ ਦੇ ਦੁਖ ਦਰਦ ਨੂੰ ਜਾਣਦੇ ਤੇ ਸਮਝਦੇ ਸਨ । ਸਾਵਰਣ ਹਿੰਦੂਆਂ ਵੱਲੋਂ ਦਿੱਤੀਆਂ ਗਈਆਂ ਅਪਮਾਨ ਦੀਆਂ ਸਟਾਂ ਨਾਲ ਡਾ0 ਅੰਬੇਡਕਰ ਦਾ ਦਿਲ ਪੂਰੀ ਤਰ੍ਹਾਂ, ਜ਼ਖ਼ਮੀ ਹੋਇਆ ਪਿਆ ਸੀ ਇਸ ਕਰਕੇ ਉਹ ਜਿਸ ਤਰ੍ਹਾਂ ਮਹਿਸੂਸ ਕਰ ਸਕਦੇ ਸਨ ਉਸ ਤਰ੍ਹਾਂ ਦੂਜੇ ਸਵਰਣ ਸੁਧਾਰਵਾਦੀ ਮਹਿਸੂਸ ਨਹੀਂ ਸਨ ਕਰ ਸਕਦੇ । ਇਸ ਕਰ ਕੇ ਉਨ੍ਹਾਂ ਦੇ ਅੰਦੋਲਨ ਵਿਚ ਜੋ ਪੀੜਾ ਸੀ, ਜੋ ਵੇਦਨਾ ਸੀ ਉਹ ਹੋਰਾਂ ਦੇ ਅੰਦੋਲਨਾਂ ਵਿਚ ਹੋ ਹੀ ਨਹੀਂ ਸੀ ਸਕਦੀ ।

21 ਜੁਲਾਈ 1927 ਦੇ ਆਪਣੇ ਪੰਦਰਾਂ ਰੋਜ਼ਾ ਬਹੀਸ਼ਕ੍ਰਿਤ ਭਾਰਤ ਵਿਚ ਡਾ੦ ਸਾਹਿਬ ਨੇ ਲਿਖਿਆ ਸੀ 'ਜੇ ਕਰ ਲੋਕਮਾਨਯ ਤਿਲਕ ਅਛੂਤਾਂ ਵਿਚ ਜਨਮ ਲੈਂਦੇ ਤਦ ਉਹ 'ਸੂਰਾਜ ਮੇਰਾ ਜਨਮ ਸਿਧ ਅਧਿਕਾਰ ਹੈ' ਇਹ ਨਾਰਾ ਬੁਲੰਦ ਨਾ ਕਰਦੇ ਬਲਕਿ ਉਨ੍ਹਾਂ ਦਾ ਨਾਰਾ ਹੁੰਦਾ 'ਅਛੂਤਪਨ ਦਾ ਖਾਤਮਾ ਕਰਨਾ ਮੇਰਾ ਜਨਮ ਸਿਧ ਅਧਿਕਾਰ ਹੈ' ।

ਡਾ੦ ਅੰਬੇਡਕਰ ਜੀ ਦਾ ਉਪਰੋਕਤ ਕਥਨ ਸਾਰੇ ਸਵਰਣ ਹਿੰਦੂ ਨੇਤਾਵਾਂ ਉਤੇ ਲਾਗੂ ਹੁੰਦਾ ਹੈ । ਗਾਂਧੀ ਜੀ ਆਪਣੇ ਆਪ ਨੂੰ ਸ੍ਵੈਛਾ ਨਾਲ ਅਛੂਤ ਮੰਨਦੇ ਸਨ । ਉਨ੍ਹਾਂ ਨੇ ਡਾ੦ ਅੰਬੇਡਕਰ ਨੂੰ ਇਕ ਵਾਰ ਕਿਹਾ ਸੀ ਕਿ 'ਡਾ੦ ਸਾਹਿਬ ਤੁਸੀਂ ਤਾਂ ਜਨਮੋ ਹੀ ਅਛੂਤ ਹੋ ਮੈਂ ਆਪਣੀ ਮਰਜੀ ਨਾਲ ਅਛੂਤ ਬਣਿਆ ਹਾਂ । ਪਰ ਇਹ ਤਾਂ ਕਹਿਣ ਦੀ ਹੀ ਗੱਲ ਸੀ ਕਿਉਂਕਿ ਜੇ ਵਾਸਤਵ ਵਿਚ ਗਾਂਧੀ ਜੀ ਅਛੂਤਾਂ ਵਿਚ ਜਨਮ ਲੈਂਦੇ ਤਾਂ ਕੀ ਹੁੰਦਾ ? ਤਦ ਤਾਂ ਉਨ੍ਹਾਂ ਨੂੰ ਹਿੰਦੂ ਸਮਾਜ ਵਿਚ ਮਹਾਤਮਾ ਯਾ ਨੇਤਾ ਵਰਗਾ ਪਦ ਕਦੀ ਵੀ ਪ੍ਰਾਪਤ ਨਹੀਂ ਸੀ ਹੋ ਸਕਦਾ । ਹਾਂ, ਗਾਂਧੀ ਜੀ ਇਕ ਅਛੂਤ ਸੰਤ ਬਣ ਸਕਦੇ ਸਨ, ਜਿਸ ਤਰ੍ਹਾਂ ਕਿ ਅਛੂਤਾਂ ਵਿਚ ਹੋਰ ਕਈ ਸੰਤ ਹੋਏ ਹਨ । ਉਹ ਸੰਤ ਹੋਣ ਦੇ ਬਾਵਜੂਦ ਅਛੂਤ ਹੀ ਰਹੇ, ਗਾਂਧੀ ਜੀ ਜੇ ਕਰ ਅਛੂਤ ਹੁੰਦੇ ਤਾਂ ਉਹ ਸ਼ੁਰੂ ਤੋਂ ਹੀ ਅਛੂਤਪਨ ਦੇ ਵਿਰੁੱਧ ਸਤਿਯਾਗ੍ਰਹਿ ਦਾ ਸਿਲਸਿਲਾ ਪ੍ਰਾਰੰਭ ਕਰ ਦਿੰਦੇ ਪਰ ਅਸਲਿਅਤ ਵਿਚ ਗਾਂਧੀ ਜੀ ਨੇ ਐਸਾ ਕੁਝ ਨਹੀਂ ਕੀਤਾ ਬਲਕਿ ਗਾਂਧੀ ਜੀ ਨੇ ਤਾਂ ਉਨ੍ਹਾਂ ਦਾ ਸਮਰਥਨ ਕਰਨ ਦੇ ਬਜਾਏ ਮਨ ਘਣੰਤ ਜਿਹੀ ਦਲੀਲ ਦੇ ਕੇ ਅੰਬੇਡਕਰ ਜੀ ਦੇ ਸਤਿਯਾਗ੍ਰਹਿ ਦੇ ਮਕਸਦ ਨੂੰ ਹੀ ਸ੍ਵੀਕਾਰ ਨਹੀਂ ਕੀਤਾ ।

ਇਕ ਗੱਲ ਹੋਰ - ਜੇ ਗਾਂਧੀ ਜੀ ਅਛੂਤ ਹੁੰਦੇ ਤਾਂ ਉਹ ਸ੍ਵਾਰਾਜ ਲਈ ਇਤਨੇ ਅਧੀਰ ਨ ਹੁੰਦੇ ਕਿਉਂਕਿ ਸਦੀਆਂ ਤੋਂ ਹਿੰਦੂ ਸਮਾਜ ਵਿਚ ਅਛੂਤਾਂ ਲਈ ਸੂਰਾਜ ਇਕ ਨਿਰਰਥਕ ਜਿਹਾ ਸ਼ਬਦ ਰਿਹਾ ਹੈ - ਰਾਜ ਹਿੰਦੂਆਂ ਦਾ ਹੋਵੇ ਯਾ ਮੁਸਲਮਾਨਾਂ ਦਾ ਅਛੂਤਾਂ ਦੇ ਹਾਲਾਤ ਵਿਚ ਕਦੀ ਕੋਈ ਤਬਦੀਲੀ ਨਹੀਂ ਹੋਈ ।

ਅਛੂਤ ਕਹੇ ਜਾਣ ਵਾਲੇ ਕਰੋੜਾਂ ਲੋਕਾਂ ਬਾਰੇ ਡਾ੦ ਅੰਬੇਡਕਰ ਜੀ ਨੇ ਆਪਣੀ ਪੁਸਤਕ 'ਮਿਸਟਰ ਗਾਂਧੀ ਅਤੇ ਅਛੂਤਾਂ ਦੀ ਆਜਾਦੀ ਵਿਚ ਇਸ ਤਰ੍ਹਾਂ ਲਿਖਿਆ ਹੈ -

"ਸੰਸਾਰ ਦੇ ਬਹੁਤ ਸਾਰੇ ਹਿੱਸਿਆ ਵਿਚ ਲੋਕਾਂ ਦੇ ਅਜਿਹੇ ਤਬਕੇ ਮੌਜੂਦ ਹਨ ਜਿਨ੍ਹਾਂ ਨੂੰ ਨੀਵੇਂ ਕਹਿ ਕੇ ਪੁਕਾਰਿਆ ਜਾਂਦਾ ਹੈ ਜਿਵੇਂ ਰੂਸ ਵਿਚ 'ਗੁਲਾਮ' ਹਨ ਬਰਤਾਨੀਆ ਵਿਚ ਗੁਲਾਮ ਹਨ ਅਮਰੀਕਾ ਵਿਚ 'ਹਬਸ਼ੀ' ਜਰਮਨ ਵਿਚ ਯਹੂਦੀ ਹਨ ਇਸੇ ਤਰ੍ਹਾਂ, ਭਾਰਤ ਵਿਚ ਅਛੂਤ ਹਿੰਦੂਆਂ ਦੇ ਗੁਲਾਮ ਹਨ। ਅਛੂਤਾਂ ਨੂੰ ਸਭ ਤੋਂ ਵੱਧ ਮੁਸੀਬਤਾਂ ਬਰਦਾਸ਼ਤ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਰੂਸ, ਬਰਤਾਨੀਆ ਅਤੇ ਦੂਜੇ ਦੇਸ਼ਾਂ ਚੋਂ ਗੁਲਾਮੀ ਅਤੇ ਦਾਸਤਾਂ ਖਤਮ ਹੋ ਚੁੱਕੀ ਹੈ ਪਰ ਭਾਰਤ ਚੋਂ ਛੂਆ-ਛੂਤ ਅਜੇ ਤਕ ਮੌਜੂਦ ਹੈ - ਅਤੇ ਜਦ ਤਕ ਹਿੰਦੂ ਧਰਮ ਜੀਵਤ ਰਹੇਗਾ ਇਹ ਸਿਲਸਿਲਾ ਵੀ ਕਾਇਮ ਰਵ੍ਹੇਗਾ।

ਇਨਾਂ ਦਲਿਤਾਂ ਦੀ ਮੰਦ ਹਾਲੀ ਦਾ ਕੋਈ ਅੰਤ ਨਜ਼ਰ ਨਾ ਆਉਣ ਦਾ ਇਕ ਕਾਰਨ ਇਹ ਵੀ ਸੀ ਕਿ ਸੇਨਾ ਅਤੇ ਪੁਲਸ ਸਮੇਤ ਸਰਕਾਰੀ ਨੌਕਰੀਆਂ ਤੋਂ ਵੀ ਇਨਾਂ ਨੂੰ ਵਾਝਿਆਂ ਹੀ ਰੱਖਿਆ ਗਿਆ - ਇਸ ਕਰਕੇ ਉਹ ਪਿਤਾ ਪੁਰਖੀ ਧੰਦੇ ਕਰਨ ਲਈ ਮਜ਼ਬੂਰ ਸਨ - ਸਮਾਜ ਵਿਚ ਜਿਸ ਵੀ ਕੰਮ ਨੂੰ ਨੀਵਾਂ ਗੰਦਾਂ ਯਾ ਘਟੀਆ ਸਮਝਿਆ ਜਾਂਦਾ ਸੀ - ਉਹ ਇਨਾਂ ਤੋਂ ਕਰਵਾਇਆ ਜਾਂਦਾ ਸੀ। ਸਮਾਜਕ, ਧਾਰਮਕ ਅਤੇ ਸ਼ਹਿਰੀ ਹੱਕਾਂ ਤੋਂ ਵਾਂਝੇ ਇਨ੍ਹਾਂ ਲਈ ਕੰਮ ਹੀ ਕੰਮ (ਕਰਤਵਯ) ਸਨ, ਅਧਿਕਾਰ ਨਾਮ ਦੀ ਕੋਈ ਸ਼ੈ ਨਹੀਂ ਸੀ। ਤਾਹਿਉਂ ਤਾਂ ਉਨ੍ਹਾਂ ਦੀ ਇਸ ਬਦਹਾਲੀ ਨੂੰ ਵੇਖ ਆਲਾਮਾ ਇਕਬਾਲ ਨੇ ਕਿਹਾ ਸੀ -

"ਆਹ ! ਸੂਦਰ ਕੇ ਲੀਏ ਹਿਦੋਸਤਾਂ ਗ਼ਮ ਖਾਨਾ ਹੈ।
ਦਰਦੇ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ॥

ਡਾ੦ ਅੰਬੇਡਕਰ ਜੀ ਨੇ 20 ਜੁਲਾਈ 1924 ਨੂੰ ਬੰਬਈ ਵਿਚ ਬਹੀਸ਼ਕ੍ਰਤ ਹਿਤਕਾਰਣੀ ਸਭਾ ਦੀ ਸਥਾਪਨਾ ਕੀਤੀ ਜੋ ਬੰਬਈ ਤਕ ਹੀ ਸੀਮਤ ਸੀ - ਅਛੂਤਾਂ ਵਿਚ ਸਿਕਸ਼ਾ ਦਾ ਪ੍ਰਚਾਰ ਪ੍ਰਸਾਰ ਕਰਨਾ - ਸੰਸਕ੍ਰਿਤਕ ਤੇ ਸਭਯਾਚਾਰਕ ਵਿਕਾਸ ਵਾਸਤੇ ਲਾਈਬ੍ਰੇਰੀਆਂ ਦੀ ਸਥਾਪਨਾ, ਆਰਥਕ ਉਨੱਤੀ ਲਈ ਉਧਓਗਿਕ ਅਤੇ ਕ੍ਰਿਸ਼ੀ ਸਕੂਲਾਂ ਤੋਂ ਅਲਾਵਾ ਛੂਤ-ਛਾਤ ਮਿਟਾਣ ਲਈ

ਆਂਦੋਲਨ ਨੂੰ ਅੱਗੇ ਵਧਾਣਾ ਇਸ ਹਿਤਕਾਰਣੀ ਸਭਾ ਦੇ ਮੁੱਖ ਉਦੇਸ਼ ਸਨ। ਇਸ ਸਭਾ ਦੇ ਪ੍ਰਧਾਨ ਚਿਮਨਲਾਲ ਹੀਰਾ, ਲਾਲ ਸੇਟਲਵਾੜ ਐਲ.ਐਲ.ਡੀ. ਸਨ। ਡਾ੦ ਅੰਬੇਡਕਰ ਇਸ ਸਭਾ ਦੇ ਇਕ ਵਿਸਥਾਪਕਾ ਸਮਿਤੀ ਦੇ ਪ੍ਰਧਾਨ ਸਨ। ਸਭਾ ਵੱਲੋਂ ਸ਼ੋਲਾਪੁਰ ਵਿਚ ਇਕ ਹੋਸਟਲ ਬੰਬਈ ਵਿਚ ਵਾਚਨਾਲਯ ਅਤੇ ਮਹਾਰ ਹਾਕੀ ਕਲਬ ਖੋਲੇ ਗਏ।

## ਡਾ੦ ਅੰਬੇਡਕਰ ਜੀ ਦੀ ਪ੍ਰਧਾਨਗੀ ਹੇਠ ਪਹਿਲਾ ਅਧਿਵੇਸ਼ਨ

ਅਪ੍ਰੈਲ 1925 ਵਿਚ ਰਤਨਾਗਿਰੀ ਜ਼ਿਲੇ ਦੇ ਮਾਲਵਣ ਗਰਾਂ ਵਿਖੇ ਬੰਬਈ ਪ੍ਰਾਂਤੀਯ ਅਸਪ੍ਰਸ਼ਯ ਪਰਿਸ਼ਦ ਦਾ ਪਹਿਲਾ ਅਧਿਵੇਸ਼ਨ ਡਾ੦ ਅੰਬੇਡਕਰ ਜੀ ਦੀ ਪ੍ਰਧਾਨਗੀ ਵਿਚ ਹੋਇਆ - ਮਹਾਰਾਸ਼ਟਰ ਵਿਚ ਹੁਣ ਤਕ ਅਛੂਤਾਂ ਦੇ ਉਧਾਰ ਦੀ ਬਾਗਡੋਰ ਸਪ੍ਰਸ਼ ਹਿੰਦੂਆਂ ਦੇ ਹੱਥਾ ਵਿਚ ਹੀ ਸੀ - ਡਾ੦ ਜੀ ਨੂੰ ਇਹ ਵਿਸ਼ਵਾਸ਼ ਹੋ ਗਿਆ ਸੀ ਕਿ ਸਪ੍ਰਸ (ਸਾਵਰਨ) ਹਿੰਦੂ ਅਛੂਤੋਂਉਧਾਰ ਅੰਦੋਲਨ ਦਾ ਸੰਚਾਲਨ ਈਮਾਨਦਾਰੀ ਨਾਲ ਨਹੀਂ ਕਰ ਰਹੇ - ਉਨ੍ਹਾਂ ਦਾ ਅਜਿਹਾ ਸੋਚਣਾ ਗਲਤ ਨਹੀਂ ਸੀ ਕਿਉਂਕਿ ਕੰਮ ਦੇ ਬਜਾਏ ਵਿਖਾਵਾ ਹੀ ਬਹੁਤਾ ਹੋ ਰਿਹਾ ਸੀ। ਅੰਬੇਡਕਰ ਜੀ ਚਾਹੁੰਦੇ ਸਨ ਕੀ ਅਛੂਤੋਂਉਧਾਰ ਅੰਦੋਲਨ ਦਾ ਸੰਚਾਲਲ ਵੀ ਅਛੂਤ ਹੀ ਕਰਨ - ਉਹ ਅਛੂਤਾਂ ਵਿਚ ਸ੍ਵਾਵਲੰਬੰਨ ਦੀ ਭਾਵਨਾ ਪੈਦਾ ਕਰਨਾ ਚਾਹੁੰਦੇ ਸਨ। ਤਾਂਹਿਉਂ ਤੇ ਉਹ ਅਛੂਤਾਂ ਨੂੰ ਸੰਗਠਿਤ ਹੋਣ ਅਤੇ ਆਪਣੇ ਪੈਰਾ ਉਤੇ ਖੜਾ ਹੋਣ ਦੀ ਪ੍ਰੇਰਣਾ ਦੇਂਦੇ ਸਨ। ਉਨ੍ਹਾਂ ਦਾ ਸੰਦੇਸ਼ ਸੀ ਕਿ ਆਪਣਾ ਉਧਾਰ ਆਪ ਹੀ ਕਰੋ।

ਡਾ੦ ਸਾਹਿਬ ਅਕਸਰ ਗਰੀਬ ਅਛੂਤਾਂ ਦੀ ਬਦਹਾਲੀ ਨੂੰ ਵੇਖ ਦੁਖੀ ਤਾਂ ਹੁੰਦੇ ਹੀ ਸਨ ਪਰ ਨਾਲ ਹੀ ਉਨ੍ਹਾਂ ਨੂੰ ਸਮਝਾਂਦੇ ਵੀ ਸਨ ਕਿ ਆਪਣੀ ਦੀਨ ਹੀਨ ਦਸ਼ਾ ਲਈ ਤੁਸੀਂ ਆਪ ਵੀ ਕਾਫੀ ਹਦ ਤਕ ਜਿਮੇਵਾਰ ਹੋ - ਤੁਸੀਂ ਜ਼ਿੰਦਾ ਦਿਲ ਇਨਸਾਨਾਂ ਵਾਂਗ ਆਪਣੇ ਆਪ ਨੂੰ ਕਿਉਂ ਤਿਆਰ ਨਹੀਂ ਕਰਦੇ - ਪੜੋ ਲਿਖੋ, ਸ੍ਵਾਵਲੰਬੀ ਬਣੋ ਅਤੇ ਦੇਸ਼ ਦੇ ਦੂਜੇ ਨਾਗਰਿਕਾਂ ਵਾਂਗ ਹਰ ਵਸਤੂ ਨੂੰ ਹਾਸਲ ਕਰੋ। ਇਹ ਤੁਹਾਡਾ ਜਨਮ ਸਿਧ ਅਧਿਕਾਰ ਵੀ ਹੈ। ਇਸ ਅਧਿਕਾਰ

ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਆਪ ਹੀ ਅੱਗੇ ਵਧਣਾ ਪਵੇਗਾ ਅਤੇ ਪੂਰੀ ਦ੍ਰਿੜਤਾ ਨਾਲ ਹਰ ਕੰਮ ਕਰਨਾ ਪਵੇਗਾ ।

## ਸਤਿਯਾਗ੍ਰਿਹ

ਡਾ0 ਅੰਬੇਡਕਰ ਹਿੰਦੂ ਸਮਾਜ ਵਿਚ ਮਾਨਵ-ਮਾਨਵ ਵਿਚਕਾਰ ਭੇਦ-ਭਾਵ ਨੂੰ ਮਿਟਾਣ ਲਈ ਹਰ ਸੰਭਵ ਪ੍ਰਯਤਨ ਕਰਨਾ ਚਾਹੁੰਦੇ ਸਨ - ਇਸ ਮਹਤਵਪੂਰਨ ਕੰਮ ਲਈ ਉਹ ਹਰ ਤਰ੍ਹਾਂ ਦੀ ਕੁਰਬਾਨੀ ਲਈ ਸਦਾ ਤਿਆਰ ਰਹਿੰਦੇ ਸਨ - ਉਹ ਇਹ ਵੀ ਜਾਣ ਚੁੱਕੇ ਸਨ ਕਿ ਅਛੂਤਾਂ ਅਤੇ ਨੀਵਿਆਂ ਦੇ ਅਧਿਕਾਰ ਬਿਨਾ ਸੰਘਰਸ਼ ਕੀਤੇ ਕਦੇ ਵੀ ਪ੍ਰਾਪਤ ਨਹੀਂ ਹੋਣਗੇ ਅਤੇ ਸੰਘਰਸ਼ ਲਈ ਸਭ ਤੋਂ ਠੀਕ ਰਾਹ ਉਨ੍ਹਾਂ ਨੂੰ ਸਤਿਯਾਗ੍ਰਿਹ ਹੀ ਜਾਪਿਆ ।

ਮਹਾਰਾਸ਼ਟਰ ਦੇ ਸਮਾਜ ਸੁਧਾਰਕ ਸ੍ਰੀਯੁਤ ਬੋਲੇ ਜੀ ਨੇ ਬੰਬਈ ਕੌਂਸਲ ਵਿਖੇ ਇਕ ਪ੍ਰਸਤਾਵ ਪੇਸ਼ ਕੀਤਾ ਕਿ ਸਰਕਾਰੀ ਯਾ ਸਾਰਵਜਨਕ ਪੈਸਿਆ ਨਾਲ ਚਲਣ ਵਾਲੀਆਂ ਸੰਸਥਾਵਾਂ ਜਿਵੇਂ, ਕੋਰਟ, ਅਸਪਤਾਲ, ਵਿਦਿਆਲੇ ਧਰਮਸ਼ਾਲਾਵਾਂ, ਦਫਤਰ, ਤਲਾਬ, ਖੂਹ, ਚਸਮੇ ਅਤੇ ਪਨਘਟ ਆਦਿ ਥਾਵਾਂ ਉਤੇ ਅਛੂਤਾਂ ਦੇ ਪ੍ਰਵੇਸ਼ ਅਤੇ ਉਪਯੋਗ ਦੀ ਆਗਿਆ ਪ੍ਰਦਾਨ ਕੀਤੀ ਜਾਵੇ । 4 ਅਗਸਤ 1923 ਨੂੰ ਇਹ ਪ੍ਰਸਤਾਵ ਪਾਸ ਹੋਇਆ ਅਤੇ 11 ਸਿਤੰਬਰ 1923 ਨੂੰ ਬੰਬਈ ਸਰਕਾਰ ਨੂੰ ਆਪਣੇ ਸਾਰੇ ਵਿਭਾਗਾਂ ਨੂੰ ਇਸ ਪ੍ਰਸਤਾਵ ਨੂੰ ਅਮਲੀ ਜਾਮਾ ਦੇਣ ਲਈ ਆਦੇਸ਼ ਵੀ ਦਿੱਤੇ । ਇਸ ਸਿਲਸਿਲੇ ਵਿਚ ਕੋਲਾਬਾ ਜਿਲੇ ਦੇ ਮਹਾਡ ਨਾਮਕ ਗ੍ਰਾਮ ਨਗਰ ਪਾਲਿਕਾ ਨੇ 1924 ਵਿਚ ਪਿੰਡ ਦੇ ਚਵਦਾਰ ਤਲਾਅ ਦਾ ਉਪਯੋਗ ਕਰਨ ਦਾ ਅਧਿਕਾਰ ਅਛੂਤਾਂ ਨੂੰ ਦੇ ਦਿੱਤਾ ਪਰ ਸਥਾਨਕ ਸਵਰਣ ਹਿੰਦੂਆਂ ਦੇ ਬਹੁਮਤ ਵੱਲੋਂ ਨਗਰ ਪਾਲਿਕਾ ਦੇ ਨਿਰਣਯ ਦੇ ਵਿਰੁੱਧ ਹੋਣ ਕਰਕੇ ਅਛੂਤ ਤਲਾਅ ਦੇ ਪਾਣੀ ਨੂੰ ਹੱਥ ਲਾਉਣ ਦੀ ਹਿੰਮਤ ਵੀ ਨ ਕਰ ਸਕੇ । ਹਿੰਦੂ ਇਹ ਤਾਂ ਬਰਦਾਸ਼ਤ ਕਰ ਸਕਦੇ ਸਨ ਕਿ ਤਲਾਅ ਦੇ ਪਾਣੀ ਦਾ ਇਸਤਮਾਲ ਇਸਾਈ ਪਾਰਸੀ ਯਾ ਮੁਸਲਮਾਨ ਕਰਨ ਪਰ ਉਹ ਅਛੂਤਾਂ ਦਾ ਅਜਿਹਾ ਕਰਨਾ

ਬਰਦਾਸ਼ਤ ਨਹੀਂ ਸਨ ਕਰਦੇ - ਇਸ ਵਿਤਕਰੇ ਦੇ ਖਿਲਾਫ ਡਾ ਅੰਬੇਡਕਰ ਜੀ ਦੀ ਪ੍ਰਧਾਨੀ ਹੇਠ 19 ਅਤੇ 20 ਮਾਰਚ 1927 ਨੂੰ ਦਲਿਤ ਜਾਤੀ ਪਰਿਸ਼ਦ ਹੋਈ - ਅਛੂਤਾਂ ਵਿਚ ਮਹਾਡ ਪਿੰਡ ਦੇ ਚਵਦਾਰ ਤਆਲ ਬਾਰੇ ਬੜਾ ਉਤਸ਼ਾਹ ਸੀ। ਮਹਾਰਾਸ਼ਟਰ ਅਤੇ ਗੁਜਰਾਤ ਦੇ ਕੋਨੇ ਕੋਨੇ ਤੋਂ ਅਛੂਤ ਕੱਠੇ ਹੋ ਕਿ ਨਿਯਤ ਦਿਨ ਤੇ ਉਥੇ ਪਹੁੰਚੇ - ਡਾ੦ ਅੰਬੇਡਕਰ ਦਾ ਜ਼ੋਰਦਾਰ ਸਵਾਗਤ ਹੋਇਆ। ਇਸ ਤਲਾਅ ਤੋਂ ਪਾਣੀ ਲੈਣ ਬਾਰੇ ਦਿਲਚਸਪ ਗੱਲ ਇਹ ਵੀ ਹੈ ਕਿ ਜੇ ਕੋਈ ਹਿੰਦੂ, ਅਛੂਤ ਹਿੰਦੂ ਧਰਮ ਛੱਡ ਕੇ ਇਸਾਈ ਯਾ ਮੁਸਲਮਾਨ ਬਣ ਜਾਵੇ ਤਦ ਤਾਂ ਉਹ ਤਲਾਅ ਦੇ ਪਾਣੀ ਦਾ ਇਸਤਮਾਲ ਕਰ ਸਕਦਾ ਸੀ ਪਰ ਹਿੰਦੂ ਧਰਮ ਵਿਚ ਰਹਿ ਕੇ ਜੋ ਅਛੂਤ ਵਰਗ ਦੇ ਮੰਨੇ ਜਾਂਦੇ ਸਨ ਉਹ ਤਆਲ ਦੇ ਪਾਣੀ ਨੂੰ ਹੱਥ ਲਾਉਣ ਦੇ ਅਧਿਕਾਰੀ ਨਹੀਂ ਸਨ - ਅਪਨਿਆਂ ਨੂੰ ਪਰਾਯਾ ਸਮਝਣ ਵਾਲੀ ਇਹ ਬੇਵਕੂਫੀ ਹਿੰਦੂ ਸਮਾਜ ਸਦੀਆਂ ਤੋਂ ਕਰਦਾ ਆ ਰਿਹਾ ਹੈ।

ਅੰਬੇਡਕਰ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਅਜਿਹੇ ਪ੍ਰਯਤਨ ਕਰੋ ਕਿ ਤੁਹਾਡੇ ਬਾਲ ਬੱਚੇ ਪੜ੍ਹ ਲਿਖ ਕਿ ਤੁਹਾਡੇ ਨਾਲੋਂ ਚੰਗਾ ਜੀਵਨ ਬਿਤਾਉਣ ਦੀ ਹਾਲਾਤ ਵਿਚ ਆ ਜਾਣ। ਗਿਆਨ ਪੜਾਈ ਅਤੇ ਸ੍ਵਾਵਲੰਬਨ ਐਸੇ ਹਥਿਆਰ ਹਨ ਜਿਨ੍ਹਾਂ ਨਾਲ ਬਰਾਬਰੀ ਦਾ ਦਰਜਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਲਏ ਗਏ ਨਿਰਣੈ ਅਨੁਸਾਰ ਦੂਜੇ ਦਿਨ ਸਵੇਰੇ ਸਾਰੇ ਚਵਦਾਰ ਤਾਲਾਬ ਉਤੇ ਅਛੂਤਾਂ ਦੇ ਅਧਿਕਾਰ ਦੀ ਸਥਾਪਨਾ ਲਈ ਚਾਰ ਚਾਰ ਦੀ ਕਤਾਰ ਬਣਾ ਕੇ ਚਲ ਪਏ - ਜਲੂਸ ਦੀ ਅਗਵਾਈ ਡਾ੦ ਅੰਬੇਡਕਰ ਆਪ ਕਰ ਰਹੇ ਸਨ - ਵੈਸੇ ਤਾਂ ਇਸ ਵੱਡੇ ਹਜੂਮ ਨੂੰ ਤਲਾਅ ਉਤੇ ਜਾਣ ਤੋਂ ਕਿਸੇ ਨੇ ਨ ਰੋਕਿਆ - ਕਿਉਂਕਿ ਇਹ ਇਕ ਕ੍ਰਾਂਤੀਕਾਰੀ ਘਟਨਾ ਸੀ। ਡਾ੦ ਸਾਹਿਬ ਅਛੂਤਾਂ ਨੂੰ ਸ੍ਵਾਭਿਮਾਨ ਦਾ ਪਾਠ ਪੜਾਉਣ ਜਾ ਰਹੇ ਸਨ ਯਾਨੀ ਇਤਿਹਾਸ ਵਿਚ ਇਕ ਨਵਾਂ ਅਧਿਆਏ ਲਿਖਣ ਜਾ ਰਹੇ ਸਨ। ਸਵਰਣ ਹਿੰਦੂਆਂ ਨੂੰ ਇਹ ਸੁਨੇਹਾ ਦੇਣ ਜਾ ਰਹੇ ਸਨ ਕਿ ਹੋਸ਼ ਵਿਚ ਆਓ ਸਮਾਂ ਬਦਲ ਰਿਹਾ ਹੈ।

ਪਰ ਅਜੇ ਜਲੂਸ ਪੰਡਾਲ ਵਿਚ ਪਹੁੰਚਿਆ ਵੀ ਨਹੀਂ ਸੀ ਕਿ ਕਿਸੇ ਨੇ ਅਫ਼ਵਾਹ ਫੈਲਾ

ਦਿੱਤੀ ਕਿ ਅਛੂਤ ਵਿਰੇਸ਼ਵਰ ਮੰਦਰ ਵਿਚ ਪ੍ਰਵੇਸ਼ ਕਰਨ ਵਾਲੇ ਹਨ - ਇਸ ਝੂਠੀ ਅਫਵਾਹ ਕਾਰਨ ਬਹੁਤ ਸਾਰੇ ਸਵਰਣ ਹਿੰਦੂ ਜੋਸ਼ ਵਿਚ ਆ ਗਏ ਲਾਠੀਆਂ ਡੰਡੇ ਲੈ ਕੇ ਕੱਠੇ ਹੀ ਨਹੀਂ ਹੋਏ - ਸਿੱਧਾ ਪੰਡਾਲ ਤੇ ਪਹੁੰਚ ਕੇ ਉਥੇ ਮੌਜੂਦ ਅਛੂਤਾਂ ਦੀ ਪਿਟਾਈ ਕਰ ਦਿੱਤੀ - ਪਰਿਸ਼ਦ ਲਈ ਬਣ ਰਹੇ ਭੋਜਨ ਨੂੰ ਤਹਿਸ ਨਹਿਸ ਕਰ ਦਿੱਤਾ - ਬਰਤਨ ਭਨ ਦਿੱਤੇ, ਕਈ ਜਖਮੀ ਹੋਏ ।

ਡਾ੦ ਅੰਬੇਡਕਰ ਜੀ ਜਿੱਥੇ ਠਹਿਰੇ ਹੋਏ ਸਨ ਉਥੇ ਉਨ੍ਹਾਂ ਨੂੰ ਖ਼ਬਰ ਮਿਲੀ ਤਾਂ ਉਹ ਤੁਰੰਤ ਪੰਡਾਲ ਵੱਲ ਦੌੜ ਪਏ ਅਗੋਂ ਦੰਗਾਈਆਂ ਨਾਲ ਸਾਮਣਾ ਹੋਣ ਤੇ ਜਦ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵੀ ਗੁੰਡਿਆਂ ਨੇ ਨਹੀਂ ਬਖਸ਼ਿਆ - ਫਿਰ ਵੀ ਉਹ ਇਹ ਸਮਝਾਣ ਵਿਚ ਸਫਲ ਹੋ ਗਏ ਕਿ ਸਾਡਾ ਮੰਦਰ  ਪ੍ਰਵੇਸ਼ ਦਾ ਨਾ ਕੋਈ ਪ੍ਰੋਗਰਾਮ ਹੈ ਅਤੇ ਨਾ ਹੀ ਇਰਾਦਾ ਹੀ ਹੈ - ਫਿਲਹਾਲ ਸਾਡਾ ਸਤਯਾਗ੍ਰਿਹ ਇਸ ਤਲਾਬ ਦੇ ਪਾਣੀ ਲਈ ਸੀ ਜੋ ਅਸਾਂ ਨੇ ਪੂਰਾ ਕੀਤਾ ਹੈ । ਇਸ ਗੁੰਡਾ ਗਰਦੀ ਵਿਰੁੱਧ ਕੁਝ ਮਹਾਰ ਜਾਤੀ ਦੇ ਸੈਨਿਕ ਵੀ ਜੋਸ਼ ਵਿਚ ਆ ਗਏ ਜੋ ਸਵਰਣ ਹਿੰਦੂਆਂ ਤੋਂ ਬਦਲਾ ਲੈਣਾ ਚਾਹੁੰਦੇ ਸਨ ਪਰ ਡਾ੦ ਅੰਬੇਡਕਰ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਸਤਯਾਗ੍ਰਿਹ ਵਿਚ ਬਦਲੇ ਦੀ ਭਾਵਨਾ ਨਹੀਂ ਹੁੰਦੀ - ਇਸ ਮਾਰ ਕੁਟਾਈ ਵਿਚ ਅਛੂਤਾਂ ਦਾ ਇਕ ਨੇਤਾ ਬਾਪੂ ਸਾਹੇਬ ਰਾਜ ਭੋਜ ਕਾਫੀ ਜਖਮੀ ਹੋਇਆ ਜੋ 15-20 ਦਿਨਾਂ ਤਕ ਅਸਪਤਾਲ ਵਿਚ ਰਿਹਾ ।

ਡਾ੦ ਸਾਹਿਬ ਦੇ ਬੰਬਈ ਪਹੁੰਚਣ ਤੋਂ ਪਹਿਲੋਂ ਹੀ ਮਹਾਡ ਦੇ ਦੰਗੇ ਦੀ ਖਬਰ ਮਹਾਰਾਸ਼ਟਰ ਦੇ ਕੋਨੇ-ਕੋਨੇ 'ਚ ਫੈਲ ਚੁੱਕੀ ਸੀ - ਮਹਾਰਾਸ਼ਟਰ ਅਤੇ ਭਾਰਤ ਦੇ ਹੋਰ ਪ੍ਰਗਤੀਸ਼ੀਲ ਅਖਬਾਰਾਂ ਨੇ ਡਾ੦ ਅੰਬੇਡਕਰ ਜੀ ਦੇ ਸਾਹਸਪੂਰਨ ਸਤਯਾਗ੍ਰਹਿ ਦੀ ਸ਼ਲਾਘਾ ਅਤੇ ਸਵਰਣ ਹਿੰਦੂਆਂ ਦੇ ਆਕਰਮਣ ਦੀ ਨਿੰਦਿਆ ਕੀਤੀ ਸੀ - ਪੁਲਸ ਨੇ 9 ਸਵਰਣ ਹਿੰਦੂਆਂ ਨੂੰ ਗਿਰਫਤਾਰ ਕੀਤਾ ਅਤੇ 5 ਨੂੰ ਚਾਰ-ਚਾਰ ਮਹੀਨੇ ਕੈਦ ਵੀ ਹੋਈ ਸੀ ।

ਸਾਵਰਣ ਹਿੰਦੂਆਂ ਦੇ ਹਿੰਸਾਤਮਕ ਵਿਓਹਾਰ ਨਾਲ ਅੰਬੇਡਕਰ ਜੀ ਦਾ ਹਿਰਦਾ ਬਹੁਤ ਹੀ ਦੁੱਖੀ ਹੋਇਆ ਪਰ ਉਨ੍ਹਾਂ ਹਿੰਮਤ ਨ ਹਾਰੀ - ਅਛੂਤਾਂ ਨੂੰ ਇਸ ਸਤਯਾਗ੍ਰਿਹ ਨਾਲ ਇਸ ਗੱਲ

ਦਾ ਸੰਤੋਖ ਸੀ ਉਨ੍ਹਾਂ ਨੇ ਤਲਾਅ ਦੇ ਪਾਣੀ ਨੂੰ ਛੂ ਕੇ ਅਤੇ ਪੀ ਕੇ ਆਪਣੇ ਹੱਕਾਂ ਦਾ ਸਮਰਥਨ ਕੀਤਾ ਹੈ। ਇਸ ਨਾਲ ਉਨ੍ਹਾਂ ਦੇ ਅੰਦਰ ਇਕ ਨਵਾਂ ਜੋਸ਼ ਪੈਦਾ ਹੋਇਆ - ਇਹ ਸਤਿਆਗ੍ਰਿਹ ਅਛੂਤਾਂ ਦੇ ਜੀਵਨ ਵਿਚ ਇਕ ਨਵਾਂ ਮੋੜ ਸੀ - ਉਨ੍ਹਾਂ ਨੇ ਸੰਗਠਨ, ਅੰਦੋਲਲ ਅਤੇ ਸੰਘਰਸ਼ ਦੇ ਮਹਤਵ ਨੂੰ ਸਮਝਿਆ।

## ਤਲਾਅ ਦੇ ਸ਼ੁਧੀਕਰਣ ਦੇ ਪਰਿਣਾਮ ਸ੍ਵਰੂਪ ਸਤਿਆਗ੍ਰਿਹ ਸਮਿਤੀ ਦਾ ਗਠਨ

ਮਹਾਡ ਵਿਖੇ ਤਲਾਅ ਦੇ ਪਾਣੀ ਨੂੰ ਅਛੂਤਾਂ ਨੇ ਛੂਹ ਕੇ ਅਤੇ ਪੀ ਕੇ ਅਪਵਿੱਤਰ ਕਰ ਦਿੱਤਾ ਸੀ - ਇਹ ਖਿਆਲ ਸੀ ਸਵਰਨ ਹਿੰਦੂਆਂ ਦਾ ਸੋ ਸਵਰਣ ਅਤੇ ਸਨਾਤਨੀ ਹਿੰਦੂਆਂ ਨੇ ਬ੍ਰਾਹਮਣਾਂ ਦੀ ਮਦਦ ਨਾਲ ਕੁਝ ਪੂਜਾ ਪਾਠ ਅਤੇ ਕਰਮ ਕਾਂਡ ਕਰਕੇ ਤਲਾਬ ਦਾ ਸ਼ੁਧੀਕਰਣ ਕਰ ਕੇ ਅੱਗੋਂ ਲਈ ਅਛੂਤਾਂ ਨੂੰ ਫਿਰ ਤਲਾਅ ਤਕ ਪਹੁੰਚਣ ਤੇ ਰੋਕ ਲਗਾ ਦਿੱਤੀ।

ਡਾ੦ ਅੰਬੇਡਕਰ ਜੀ ਨੇ 'ਬਹੀਸਕ੍ਰਿਤ ਭਾਰਤ' ਨਾਮਕ ਆਪਣੇ 15 ਰੋਜ਼ਾ ਅਖਬਾਰ ਦੇ 26 ਜੂਨ 1927 ਦੇ ਅੰਕ ਵਿਚ ਘੋਸ਼ਣਾ ਕੀਤੀ ਕਿ ਮਹਾਡ ਦੇ ਸਨਾਤਨੀ ਹਿੰਦੂਆਂ ਨੇ ਤਲਾਅ ਦਾ ਜੋ ਸ਼ੁਧੀਕਰਣ ਕੀਤਾ ਹੈ ਇਹ ਸਾਡੇ ਲਈ ਅਪਮਾਨਜਨਕ ਹੈ ਇਸ ਕਰਕੇ ਮਹਾਡ ਦੇ ਤਲਾਬ ਲਈ ਦੋਬਾਰਾ ਅੰਦੋਲਨ ਕਰਨ ਲਈ ਜੋ ਜੋ ਵੀ ਸਹਿਮਤ ਹੋਣ ਉਹ ਸਾਰੇ ਆਪਣੇ ਨਾਮ 'ਬਹੀਸ਼ਕ੍ਰਿਤ ਹਿੱਤਕਾਰਣੀ ਸਭਾ ਦੇ ਦਫਤਰ ਵਿਚ ਲਿਖਵਾ ਦੇਣ। ਇਸ ਤਰ੍ਹਾਂ ਡਾ੦ ਅੰਬੇ ਡਕਰ ਫਿਰ ਸਤਿਆਗ੍ਰਿਹ ਦੀ ਤਿਆਰੀ ਵਿਚ ਜੁੱਟ ਗਏ। ਡਾ੦ ਅੰਬੇਡਕਰ ਨੇ ਇਕ ਖਾਸ ਗੱਲ ਇਹ ਕਹੀ ਕਿ ਅਸੀਂ ਇਹ ਵੀ ਫੈਸਲਾ ਕਰਨਾ ਹੈ ਕਿ 'ਅਛੂਤ ਸਮਾਜ ਹਿੰਦੂ ਧਰਮ ਦੇ ਅੰਤਰਗਤ ਹੈ ਯਾ ਨਹੀਂ ?

ਮਹਾਡ ਵਿਖੇ ਸਤਿਯਾਗ੍ਰਿਹ ਲਈ ਸਵਰਣ ਹਿੰਦੂਆਂ ਨੇ ਕੋਈ ਵੀ ਥਾਂ ਦੇਣ ਤੋਂ ਇੰਕਾਰ ਕਰ ਦਿੱਤਾ। ਆਖਿਰ ਇਕ ਮੁਸਲਮਾਨ ਤੋਂ ਥਾਂ ਪ੍ਰਾਪਤ ਕਰ ਪੰਡਾਲ ਲਾਇਆ ਗਿਆ - ਮਹਾਡ ਦੇ

ਹਿੰਦੂ ਵਿਉਪਾਰੀਆਂ ਨੇ ਵੀ ਕੋਈ ਚੀਜ ਨਹੀਂ ਦਿੱਤੀ ਸੋ ਹਰ ਚੀਜ ਬਾਹਰੋਂ ਮੰਗਾਣੀ ਪਈ । ਡਾ੦ ਅੰਬੇਡਕਰ ਦੋ ਸੋ ਪ੍ਰਤੀਨਿਧਾਂ ਨੂੰ ਨਾਲ ਲੈ ਕੇ ਮਹਾਡ ਲਈ ਚਲੇ ਅਤੇ ਮਹਾਡ ਤੋਂ ਪਹਿਲਾਂ ਦਾਸ ਗਾਂਵ ਪਹੁੰਚੇ ਲਗਭਗ ਤਿੰਨ ਹਜ਼ਾਰ ਅਛੂਤਾਂ ਨੇ ਡਾ੦ ਸਾਹਿਬ ਦਾ ਸੁਾਗਤ ਕੀਤਾ ਅਤੇ ਉਨ੍ਹਾਂ ਸਭਨਾ ਦੇ ਨਾਲ ਡਾ੦ ਅੰਬੇਡਕਰ ਮਹਾਡ ਪਹੁੰਚੇ । ਇੱਥੇ ਪੁੱਜ ਕੇ ਉਨ੍ਹਾਂ ਨੂੰ ਸੁਨੇਹਾ ਮਿਲਿਆ ਕਿ ਪਹਿਲਾਂ ਜ਼ਿਲਾ ਮੈਜਿਸਟ੍ਰੇਟ ਨੂੰ ਮਿਲ ਲਵੋ - ਡਾ੦ ਸਾਹਿਬ ਜ਼ਿਲਾ ਮੈਜਿਸਟ੍ਰੇਟ ਨੂੰ ਮਿਲੇ ਤਾਂ ਪਤਾ ਲਗਾ ਕਿ ਕੁਝ ਲੋਗਾਂ ਨੇ ਅਦਾਲਤ ਵਿਚ ਕੇਸ ਦਾਇਰ ਕੀਤਾ ਹੈ ਕਿ ਚਵਦਾਰ ਤਲਾਅ ਕਾਨੂੰਨੀ ਤੌਰ ਤੇ ਖ਼ਾਜਗੀ (ਪ੍ਰਾਈਵੇਟ) ਸਮਪਤੀ ਹੈ । ਮੈਜਿਸਟ੍ਰੇਟ ਨੇ ਸਤਿਆਗ੍ਰਹਿਆਂ ਨੂੰ ਸਮਝਾਇਆ ਕਿ ਜਦ ਤਕ ਕੇਸ ਅਦਾਲਤ ਵਿਚ ਹੈ ਕੇਵਲ ਉਸ ਵੇਲੇ ਤਕ ਸਤਿਆਗ੍ਰਿਹ ਸਥਗਿਤ ਰੱਖਿਆ ਜਾਵੇ । ਮੈਜਿਸਟ੍ਰੇਟ ਸਾਹਿਬ ਦੀ ਗੱਲ ਮਨ ਕੇ ਡਾ੦ ਅੰਬੇਡਕਰ ਜੀ ਨੇ ਸਤਿਆਗ੍ਰਹੀਆਂ ਨੂੰ ਸੰਬੋਧਿਤ ਕੀਤਾ ਅਤੇ ਕਿਹਾ ਕਿ ਤੁਸੀਂ ਸਾਰੇ ਵੀਰ ਹੋ ਅਤੇ ਅਧਿਕਾਰ ਪ੍ਰਾਪਤੀ ਲਈ ਲੜਨਾ ਜਾਣਦੇ ਹੋ - ਅਸੀਂ ਸਤਿਆਗ੍ਰਿਹ ਸਥਗਿਤ ਕਰ ਰਹੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਲੜਾਈ ਬੰਦ ਕਰ ਦਿੱਤੀ ਹੈ । ਜਦ ਤਕ ਚਵਦਾਰ ਤਲਾਬ ਉਤੇ ਸਾਡਾ ਕਬਜ਼ਾ ਨਹੀਂ ਹੋ ਜਾਂਦਾ ਅਸੀਂ ਲੜਦੇ ਰਹਾਂਗੇ । ਇਹ ਗੱਲ ਸਭਨਾ ਨੇ ਮਨ ਲਈ । ਉਸੇ ਦਿਨ ਮਨੂ ਸਮ੍ਰਿਤੀ ਵਿਚ ਉਲਿਖਿਤ ਨਿਰਦੇਸ਼ਾਂ ਨੂੰ ਨਾ ਮੰਨਣ ਦਾ ਵੀ ਇਕ ਪ੍ਰਸਤਾਵ ਪਾਸ ਕੀਤਾ ਗਿਆ ਅਤੇ ਇਸ ਨੂੰ ਅਨਿਆਏ ਦਾ ਸਮਰਥਕ ਗ੍ਰੰਥ ਕਹਿ ਕੇ ਮਨੂ ਸਮ੍ਰਿਤੀ ਨੂੰ ਅਗਨੀ ਦੀ ਭੇਟਾ ਕੀਤਾ ਗਿਆ ਜੋ ਸਮਸਤ ਸਵਰਣ ਹਿੰਦੂਆਂ ਦੀ ਕਲੇਜੇ ਉਤੇ ਇਕ ਕਰਾਰੀ ਸਟ ਸੀ ।

ਸਤਿਆਗ੍ਰਿਹ ਦਾ ਰਾਹ ਬੰਦ ਵੇਖ ਕੇ ਡਾ੦ ਅੰਬੇਡਕਰ ਨੇ ਕੋਰਟ ਦਾ ਦਰਵਾਜ਼ਾ ਖਟਖਟਾਯਾ ਅਤੇ ਚਵਦਾਰ ਤਲਾਬ ਉਤੇ ਅਛੂਤਾਂ ਦੇ ਅਧਿਕਾਰ ਦਾ ਦਾਵਾ ਕੀਤਾ - ਕਈ ਸਾਲਾ ਤਕ ਮੁਕਦਮਾ ਚਲਦਾ ਰਿਹਾ - ਆਖ਼ਰ ਬੰਬਈ ਹਾਈ ਕੋਰਟ ਨੇ 17 ਮਾਰਚ 1937 ਨੂੰ ਅਛੂਤਾਂ ਦੇ ਹੱਕ ਵਿਚ ਫੈਸਲਾ ਕੀਤਾ - ਇਸ ਤਰ੍ਹਾਂ ਕਾਫੀ ਤਰਦਦ ਤੋਂ ਬਾਦ ਅੰਬੇਡਕਰ ਜੀ ਨੂੰ ਇਹ ਸਫਲਤਾ ਪ੍ਰਾਪਤ ਹੋਈ ।

## ਸਾਈਮਨ ਕਮਿਸ਼ਨ

1919 ਵਿਚ ਬ੍ਰਿਟਿਸ਼ ਸਰਕਾਰ ਨੇ ਸਾਇਮਨ ਕਮਿਸ਼ਨ ਨਿਯੁਕਤ ਕੀਤਾ ਜੋ 3 ਫਰਵਰੀ 1928 ਨੂੰ ਬੰਬਈ ਪੁਜਾ - ਉਸ ਦਿਨ ਪੂਰੇ ਭਾਰਤ ਵਿਚ ਹੜਤਾਲ ਰਹੀ ਅਤੇ ਸਾਇਮਨ 'ਗੋ ਬੈਕ' ਦੇ ਨਾਰੇ ਲਾਏ ਗਏ - ਲਗਭਗ ਪੂਰੇ ਹੀ ਭਾਰਤ ਵਿਚ ਕਮਿਸ਼ਨ ਦਾ ਵਿਰੋਧ ਕੀਤਾ ਗਿਆ। ਬਹਿਸ਼ਕਾਰ ਦੇ ਬਾਵਜੂਦ ਸਾਇਮਨ ਦੇ ਸਹਿਯੋਗ ਲਈ ਸਲੈਕਟ ਕਮੇਟੀਆਂ ਕੇਂਦਰੀ ਅਤੇ ਪ੍ਰਾਂਤੀਜ ਪਧਰ ਉਤੇ ਬਣਾਇਆਂ ਗਈਆਂ ਬੰਬਈ ਪ੍ਰਾਂਤ ਸਿਲੈਕਟ ਕਮੇਟੀ ਲਈ ਡਾ॰ ਅੰਬੇਡਕਰ ਜੀ ਦੀ ਚੋਣ ਕੀਤੀ ਗਈ।

ਦਲਿਤ ਜਾਤੀ ਦੀਆਂ 18 ਸੰਸਥਾਵਾਂ ਨੇ ਕਮੀਸ਼ਨ ਦੇ ਸਾਮਣੇ ਪ੍ਰਸਤਾਵ ਪੇਸ਼ ਕੀਤੇ, ਜਿਨ੍ਹਾਂ ਚੋਂ ਡਾ॰ ਅੰਬੇਡਕਰ ਦੀ ਬਹੀਸ਼ਕ੍ਰਿਤ ਹਿਤਕਾਰਣੀ ਸਭਾ ਨੇ ਡਾ॰ ਅੰਬੇਡਕਰ ਦੇ ਵਿਚਾਰਾਂ ਦਾ ਸਮਰਥਨ ਕਰਦਿਆਂ ਕਿਹਾ - ਕਿ ਫੌਜ, ਨੇਵੀ ਅਤੇ ਪੁਲਸ ਵਿਭਾਗ ਵਿਚ ਅਛੂਤਾਂ ਦੀ ਭਰਤੀ ਸ਼ੁਰੂ ਕੀਤੀ ਜਾਵੇ।

## ਰਤਨਾਗਿਰੀ 'ਵਿਚ ਯਗੋ-ਪਵੀਤ ਅਤੇ ਜਲਗਾਂਵ ਵਿਚ ਚੇਤਾਵਨੀ

1921 ਵਿਚ ਰਤਨਾਗਿਰੀ ਜ਼ਿਲਾ ਦਲਿਤ ਜਾਤੀ ਪਰਿਸ਼ਦ ਦਾ ਅਧਿਵੇਸ਼ਨ ਡਾ॰ ਅੰਬੇਡਕਰ ਜੀ ਦੀ ਪ੍ਰਧਾਨਗੀ ਹੇਠ ਚਿਪਲੂਣ ਵਿਖੇ ਸੰਪਨ ਹੋਇਆ - ਕਾਨਫ੍ਰੇਂਸ ਦੇ ਅੰਤ ਵਿਚ ਡਾ॰ ਜੀ ਦੇ ਬ੍ਰਾਹਮਣ ਸਹਿਯੋਗੀ ਸ੍ਰੀ ਦੇਵ ਰਾਵ ਨਾਇਕ ਜੀ ਨੇ ਮੰਤ੍ਰ ਪੜ੍ਹ ਕੇ ਹਜ਼ਾਰਾਂ ਅਛੂਤਾਂ ਨੂੰ ਯੋਗਪਵੀਤ (ਜਨੇਊ) ਪੁਵਾਏ - ਇਹ ਸਨਾਤਨੀ ਵਿਚਾਰ ਪ੍ਰਣਾਲੀ ਉਤੇ ਤਿਖਾ ਆਘਾਤ ਸੀ ਅਤੇ ਇਸੇ ਮਕਸਦ ਲਈ ਯਗੋ ਪਵੀਤ ਸਮਪੰਨ ਹੋਇਆ ਸੀ।

29 ਮਈ 1929 ਨੂੰ ਜਲਗਾਂਵ ਵਿਖੇ ਦਲਿਤ ਜਾਤ ਪਰਿਸ਼ਦ ਵਿਚ ਡਾ॰ ਅੰਬੇਡਕਰ ਨੇ ਹਿੰਦੂ ਸਮਾਜ ਨੂੰ ਚੇਤਾਵਨੀ ਦੇਂਦਿਆਂ ਕਿਹਾ ਕਿ ਜੇਕਰ ਵਕਤ ਦੇ ਅਨੁਸਾਰ ਸਵਰਣ ਹਿੰਦੂਆਂ

ਨੇ ਆਪਣੇ ਵਿਉਹਾਰ ਵਿਚ ਤਬਦੀਲੀ ਨ ਕੀਤਾ ਤਾਂ ਅਛੂਤ ਸਮਾਜ ਨੂੰ ਕਿਸੇ ਦੂਜੇ ਧਰਮ ਦਾ ਆਸਰਾ ਲੈਣਾ ਪਵੇਗਾ । ਇਥੇ ਹੀ ਅਛੂਤਾਂ ਨੇ ਐਲਾਨ ਕੀਤਾ ਕਿ ਅਸੀਂ ਹੁਣ ਮਰੇ ਹੋਏ ਜਾਨਵਰਾਂ ਨੂੰ ਢੋਣ ਦਾ ਕੰਮ ਨਹੀਂ ਕਰਾਂਗੇ ।

## ਇਕ ਹੋਰ ਉਪਲਬਧੀ

ਬੰਬਈ ਵਿਖੇ ਡਾ੦ ਅੰਬੇਡਕਰ ਜੀ ਨੇ 'ਸਮਾਜ ਸਮਤਾ ਸੰਘ ਦੀ ਸਥਾਪਨਾ ਕੀਤੀ - ਇਹ ਸੰਘ ਅਛੂਤਾਂ ਦੇ ਨਾਗਰਿਕ ਅਧਿਕਾਰਾਂ ਲਈ ਕੀਤੇ ਗਏ ਪ੍ਰਯਤਨਾਂ ਦੀ ਨਿਗਹੇਬਾਨੀ ਕਰਦਾ ਸੀ ।

ਦਾਦਰ ਦੇ ਸਾਰਵਜਨਕ ਗਣੇਸ਼ ਉਤਸਵ ਦੇ ਪ੍ਰਧਾਨ ਨੇ ਸਮਾਜ ਸਮਤਾ ਸੰਘ ਨੂੰ ਇਤਲਾ ਦਿੱਤੀ ਕਿ ਕਿਸੇ ਵੀ ਅਛੂਤ ਨੂੰ ਉਸ ਪੰਡਾਲ ਵਿਚ ਨਹੀਂ ਆਉਣ ਦਿੱਤਾ ਜਾਵੇਗਾ ਜਿਸ ਵਿਚ ਮੂਰਤੀ ਦੀ ਸਥਾਪਨਾ ਹੋਵੇਗੀ -

ਮੂਰਤੀ ਸਥਾਪਨਾ ਵਾਲੇ ਦਿਨ ਸੈਂਕੜੇ ਅਛੂਤ ਉਥੇ ਇਕੱਠੇ ਹੋਏ ਅਤੇ ਅੰਦਰ ਜਾਣ ਦੀ ਮੰਗ ਕਰਨ ਲਗੇ - ਪੁਲਿਸ ਨੂੰ ਵੀ ਸਦ ਲਿਆ ਗਿਆ ਪਰ ਭੀੜ ਟਸ ਤੋਂ ਮੱਸ ਨਹੀਂ ਹੋਈ - ਸ਼ੋਰ ਸ਼ਰਾਬਾ ਵੀ ਸ਼ੁਰੂ ਹੋ ਗਿਆ ਸੀ । ਇਸ ਸਮੇਂ ਡਾ੦ ਅੰਬੇਡਕਰ ਜੀ ਨੇ ਉਥੇ ਪਹੁੰਚ ਕੇ ਸਭ ਨੂੰ ਸਾਂਤ ਕੀਤਾ ਅਤੇ ਪ੍ਰਬੰਧਕਾਂ ਨੂੰ ਕਿਹਾ ਕਿ ਚੂੰਕਿ ਇਹ ਇਕ ਸਾਰਵਜਨਕ ਉਤਸਵ ਹੈ ਇਸ ਕਰਕੇ ਇਸ ਵਿਚ ਹਿੱਸਾ ਲੈਣ ਤੋਂ ਕਿਸੇ ਨੂੰ ਵੀ ਨਹੀਂ ਰੋਕਿਆ ਜਾ ਸਕਦਾ - ਉਹ ਭਾਵੇਂ ਅਛੂਤ ਹੋਵੇ ਯਾ ਗ਼ੈਰ ਅਛੂਤ - ਡਾ੦ ਸਾਹਿਬ ਦੇ ਸਮਰਥਨ ਕਰ ਕੇ ਅਤੇ ਭੀੜ ਨੂੰ ਹੋਰ ਵਧਦਾ ਵੇਖ ਪ੍ਰਬੰਧਕਾਂ ਨੇ ਅਛੂਤਾਂ ਨੂੰ ਅੰਦਰ ਜਾਣ ਦੀ ਇਜ਼ਾਜਤ ਦੇ ਦਿੱਤੀ । ਇਹ ਅਛੂਤਾਂ ਦੀ ਜਿੱਤ ਅਤੇ ਡਾ੦ ਅੰਬੇਡਕਰ ਸਾਹਿਬ ਲਈ ਇਕ ਹੋਰ ਉਪਲਬਧੀ ਸੀ ।

## ਨਾਸਿਕ ਦਾ ਕਾਲਾਰਾਮ ਮੰਦਰ ਅੰਦੋਲਨ

2 ਮਾਰਚ 1930 ਨੂੰ ਡਾ੦ ਅੰਬੇਡਕਰ ਨੇ ਨਾਸਿਕ ਦੇ ਕਾਲਾਰਾਮ ਮੰਦਰ ਵਿਚ ਦਲਿਤਾਂ ਨੂੰ ਪ੍ਰਵੇਸ਼ ਕਰਨ ਦੇ ਅਧਿਕਾਰ ਲਈ ਸਤਿਆਗ੍ਰਿਹ ਸ਼ੁਰੂ ਕੀਤਾ - ਪਹਿਲਾਂ ਇਸ ਸੰਬੰਧ ਵਿਚ ਇਕ ਸਭਾ ਹੋਈ ਜਿਸ ਵਿਚ ਸਤਿਆਗ੍ਰਿਹ ਦਾ ਐਲਾਨ ਹੋ ਚੁੱਕਾ ਸੀ - ਉਸੇ ਦਿਨ ਦੁਪਹਿਰ 3 ਵਜੇ ਦਲਿਤਾਂ ਦਾ ਇਕ ਵੱਡਾ ਜਲੂਸ ਜੋ ਚਾਰ-ਚਾਰ ਦੀਆਂ ਪੰਕਤੀਆਂ ਵਿਚ ਅਨੁਸ਼ਾਸਿਤ ਹੋ ਚਲ ਰਿਹਾ ਸੀ ਅਤੇ ਇਕ ਮੀਲ ਲੰਬਾਂ ਸੀ, ਕਾਲਾਰਾਮ ਮੰਦਰ ਵਲ ਚਲ ਪਿਆ - 500 ਅਛੂਤ ਸਤਿਆਗ੍ਰਹਿਆਂ ਦੇ ਪਿੱਛੇ-ਪਿੱਛੇ ਅਛੂਤ ਤੀਵੀਆਂ ਅਤੇ ਹੋਰ ਹਜ਼ਾਰਾਂ ਬੰਦੇ ਚਲ ਰਹੇ ਸਨ, ਜੋ ਸਾਰੇ ਹੀ ਅਨੁਸ਼ਾਸਨ ਵਿਚ ਸਨ - ਨਾਸਿਕ ਨਗਰ ਲਈ ਇਹ ਇਕ ਅਭੂਤ ਪੂਰਵ ਨਜ਼ਾਰਾ ਸੀ - ਇਹ ਸਾਰੇ ਮੰਦਰ ਪ੍ਰਵੇਸ਼ ਕਰ ਆਪਣੇ ਰਾਮ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਨ - ਪਰ ਮੰਦਰ ਦੇ ਪ੍ਰਬੰਧਕਾਂ ਨੇ ਮੰਦਰ ਦੇ ਦਰਵਾਜੇ ਹੀ ਬੰਦ ਕਰ ਦਿੱਤੇ । ਤਦ ਗੋਦਾਵਰੀ ਨਦੀ ਦੇ ਘਾਟ ਉਤੇ ਜਲੂਸ ਸਭਾ ਵਿਚ ਤਬਦੀਲ ਹੋ ਗਿਆ ਅਤੇ ਸਤਿਆਗ੍ਰਿਹ ਦੀ ਸ਼ਪਥ ਗ੍ਰਹਿਣ ਦੀ ਰਸਮ ਪੂਰੀ ਕੀਤੀ ਗਈ ।

ਦੂਜੇ ਦਿਨ ਮੰਦਰ ਉਤੇ ਪੁਲਸ ਦਾ ਪਹਿਰਾ ਲਗ ਗਿਆ ਦਰਵਾਜ਼ੇ ਅਜੇ ਵੀ ਬੰਦ ਸਨ - ਮੰਦਰ ਦੇ ਚਾਰੇ ਦਰਵਾਜੇ ਘੇਰ ਕੇ 125 ਪੁਰਸ਼ ਅਤੇ 25 ਜ਼ਨਾਨੀਆਂ ਸਤਿਆਗ੍ਰਹੀ ਲੈਅ ਸੁਰ ਵਿਚ ਭਜਨ ਗਾ ਗਾ ਕੇ ਬੰਦਗੀ ਕਰਨ ਲਗ ਪਏ - ਇਹ ਸਤਿਆਗ੍ਰਿਹ ਜੋ ਕਿ ਪੁਰ ਅਮਨ ਸੀ ਪੂਰਾ ਇਕ ਮਹੀਨੇ ਚਲਿਆ ਤਦੇ ਰਾਮ ਨੌਮੀ ਦਾ ਦਿਨ ਆ ਗਿਆ । ਰਾਮ ਨੌਮੀ ਵਾਲੇ ਦਿਨ ਮੂਰਤੀ ਨੂੰ ਰੱਥ ਉਤੇ ਸਜਾ ਕੇ ਜਲੂਸ ਕੱਢੇ ਜਾਣ ਦੀ ਪ੍ਰਥਾ ਸੀ - ਸਜਿਆ ਹੋਇਆ ਰੱਥ ਖੜਾ ਸੀ, ਸਤਿਆਗ੍ਰਿਹ ਵੀ ਚਲ ਰਿਹਾ ਸੀ - ਸਤਿਆਗ੍ਰਹਿਆਂ ਨੇ ਕਿਹਾ ਕਿ ਅਸੀਂ ਵੀ ਰੱਥ ਖਿਚਾਗੇਂ । ਇਸ ਤੋਂ ਪਹਿਲਾਂ ਕਿ ਹੋਰ ਖਿਚੋ ਤਾਣ ਹੁੰਦੀ ਡਿਸਟ੍ਰਿਕ ਮੈਜਿਸਟ੍ਰੇਟ ਨੇ ਸਭ ਨੂੰ ਸਮਝਾ ਬੁਝਾ ਕੇ ਫੈਸਲਾ ਸੁਣਾਇਆ ਕਿ ਰੱਥ ਅਛੂਤ ਅਤੇ ਸਵਰਣ ਦੋਹਾਂ ਦੇ ਜਵਾਨ ਮਿਲਕੇ ਖਿਚਣਗੇ ।

ਨਾਸਿਕ ਦੇ ਦਲਿਤ ਜਾਤ ਦੇ ਨੇਤਾ ਦਾਦਾ ਸਾਹਿਬ ਗਾਯਕਵਾੜ ਜੀ ਨੂੰ ਆਪਣੇ ਸੋ੍ਤਾਂ ਤੋਂ ਖ਼ਬਰ ਮਿਲੀ ਕਿ ਸਵਰਨ ਹਿੰਦੂ ਦੰਗਾ ਕਰਨ ਉਤੇ ਤੁਲੇ ਹੋਏ ਹਨ - ਉਨ੍ਹਾਂ ਨੇ ਡਾ੦ ਅੰਬੇਡਕਰ ਜੀ ਨੂੰ ਕਿਹਾ ਕਿ ਤੁਸੀਂ ਕਿਧਰੇ ਚਲੇ ਜਾਓ ਕਿਉਂਕਿ ਮੈਨੂੰ ਪਤਾ ਲਗਾ ਹੈ ਕਿ ਸੂਰਣ ਦੰਗਾ ਕਰਨਾ ਚਾਹੁੰਦੇ ਹਨ ਅਤੇ ਤੁਹਾਡੀ ਜਾਨ ਨੂੰ ਵੀ ਖਤਰਾ ਹੈ ਇਸ ਕਰ ਕੇ ਚੰਗਾ ਹੋਵੇਗਾ ਜੇ ਤੁਸੀਂ ਫਿਲ ਹਾਲ ਇਥੋਂ ਚਲੇ ਜਾਓ । ਡਾ੦ ਸਾਹਿਬ ਨੇ ਗਾਯਕਵਾੜ ਨੂੰ ਕਿਹਾ ਕਿ ਤੁਸੀਂ ਮੈਨੂੰ ਗ਼ਲਤ ਸਲਾਹ ਦੇ ਰਹੇ ਹੋ - ਮੈਂ ਕਾਯਰ ਨਹੀਂ ਹਾਂ, ਮੈਂ ਇਕ ਬਹਾਦਰ ਫੌਜੀ ਦਾ ਪੁੱਤਰ ਹਾਂ - ਮੈਨੂੰ ਭਾਵੇਂ ਜੋ ਕੁਝ ਵੀ ਹੋ ਜਾਵੇ ਮੈਂ ਇਥੋਂ ਨਹੀਂ ਹਟਾਂਗਾਂ - ਦੂਜਿਆਂ ਨੂੰ ਖਤਰੇ ਵਿਚ ਪਾ ਕੇ ਮੈਂ ਆਪਣੀ ਜਾਨ ਬਚਾਣ ਵਾਲਿਆਂ ਚੋਂ ਨਹੀਂ ਹਾਂ ।

ਓਹੀਓ ਹੋਇਆ, ਲਗਭਗ ਇਕ ਲੱਖ ਦਰਸ਼ਕ ਜਲੂਸ ਵੇਖਣ ਆਏ ਸਨ - ਅਚਾਨਕ ਸਵਰਣ ਹਿੰਦੂਆਂ ਨੇ ਅਛੂਤਾਂ ਉਤੇ ਹਮਲਾ ਕਰ ਕੇ ਮਾਰ ਕੁਟਾਈ ਸ਼ੁਰੂ ਕਰ ਦਿੱਤਾ । ਸੈਂਕੜੇ ਜ਼ਖਮੀ ਹੋਏ । ਡਾ੦ ਅੰਬੇਡਕਰ ਨੇ ਸੰਘਰਸ਼ ਵਾਲੀ ਥਾਂ ਤੇ ਪਹੁੰਚ ਕੇ ਜਦ ਕੁਝ ਕਹਿਣਾ ਚਾਹਿਆਂ ਤਾਂ ਸਵਰਣ ਹਿੰਦੂਆਂ ਨੇ ਉਨ੍ਹਾਂ ਨੂੰ ਵੀ ਇੱਟਾਂ ਤੇ ਪੱਥਰ ਮਾਰ ਕੇ ਜ਼ਖ਼ਮੀ ਕਰ ਦਿੱਤਾ - ਕੁਝ ਸਵਰਣ ਹਿੰਦੂ ਰਥ ਨੂੰ ਖਿਚ ਕੇ ਇਕ ਭੀੜੀ ਜਹੀ ਗਲੀ ਵਲ ਲੈ ਗਏ - ਅੱਗੇ ਸ਼ਸਤਰਧਾਰੀ ਪੁਲਸ ਖੜੀ ਹੋ ਗਈ ਤਾਂਕਿ ਕੋਈ ਵੀ ਅਛੂਤ ਕੋਲ ਨ ਪਹੁੰਚ ਸਕੇ - ਇਸ ਸਭ ਦੇ ਬਾਵਜੂਦ ਕੁਝ ਸਾਹਸੀ ਅਛੂਤ ਨੌਜਵਾਨ ਕਿਸੇ ਤਰ੍ਹਾਂ ਰੱਥ ਦੇ ਕੋਲ ਪਹੁੰਚ ਹੀ ਗਏ - ਉਸ ਦਿਨ ਪੂਰੇ ਨਾਸਿਕ ਵਿਚ ਅਛੂਤਾਂ ਅਤੇ ਸਵਰਣ ਹਿੰਦੂਆਂ ਦੀਆਂ ਝੜਪਾਂ ਹੁੰਦੀਆਂ ਰਹੀਆਂ - ਫਿਰ ਵੀ ਸਤਿਆਗ੍ਰਹਿ ਜਾਰੀ ਰਿਹਾ । ਸਤਿਆਗ੍ਰਹੀਆਂ ਦੀਆਂ ਗਿਰਫ਼ਤਾਰੀਆਂ ਵੀ ਹੋਇਆਂ ਪਰ ਅਛੂਤਾਂ ਵਿਚ ਮੰਦਰ ਪ੍ਰਵੇਸ਼ ਲਈ ਚੰਗਾ ਜੋਸ਼ ਵੇਖ ਕੇ ਮੰਦਰ ਦੇ ਪ੍ਰਬੰਧਕਾਂ ਨੂੰ ਮੰਦਰ ਦੇ ਦਰਵਾਜੇ ਪੂਰੇ ਇਕ ਸਾਲ ਲਈ ਬੰਦ ਕਰਨੇ ਪੈ ਗਏ । ਸਤਿਆਗ੍ਰਹਿ ਰੱਥ ਯਾਤ੍ਰਾ ਤਕ ਸੀਮਤ ਹੋ ਗਿਆ ਪਰ ਬਾਦ ਵਿਚ ਕਲੇਕਟਰ ਸਾਹਿਬ ਦੇ ਆਦੇਸ਼ ਉਤੇ ਰਥ ਯਾਤ੍ਰਾ ਦੀ ਪ੍ਰਥਾ ਵੀ ਬੰਦ ਕਰ ਦਿੱਤੀ ਗਈ । ਇਸ ਸੰਬੰਧ ਵਿਚ ਵੀ ਕਾਨੂੰਨੀ ਸਹਾਰਾ ਲੈਣ ਦਾ ਨਤੀਜਾ ਇਹ ਹੋਇਆ ਕਿ 1935 ਵਿਚ ਰਾਮ ਮੰਦਰ ਦੇ ਦਰਵਾਜੇ ਅਛੂਤਾਂ ਲਈ ਵੀ ਸਦਾ ਲਈ ਖੁਲ ਗਏ ।

ਇਹ ਇਕ ਵੱਡੀ ਜਿੱਤ ਸੀ ਅਛੂਤਾਂ ਦੀ । ਇਸ ਤਰ੍ਹਾਂ ਡਾ੦ ਅੰਬੇਡਕਰ ਜੀ ਦੇ ਪ੍ਰਯਾਸ, ਹਿੰਮਤ, ਦੂਰ ਅੰਦੇਸ਼ੀ ਸਹੀ ਨੇਤ੍ਰਿਤਵ ਅਤੇ ਕਾਨੂੰਨੀ ਜਾਣਕਾਰੀ ਦੀ ਬਦੌਲਤ ਅਛੂਤਾਂ ਨੇ ਮਹਾੜ ਅਤੇ ਨਾਸਿਕ ਵਿਖੇ ਸਤਿਆਗ੍ਰਿਹਾਂ ਰਾਹੀਂ ਦੋ ਮਹਤਵਪੂਰਨ ਜਿਤਾਂ ਪ੍ਰਾਪਤ ਕੀਤੀਆਂ ।

## ਗੋਲ ਮੇਜ਼ ਕਾਂਫ੍ਰੇਂਸ

1930 ਵਿਚ ਸਾਈਮਨ ਕਮੀਸ਼ਨ ਦੀ ਰਿਪੋਰਟ ਪ੍ਰਕਾਸ਼ਿਤ ਹੋਈ ਜਿਸ ਵਿਚ ਵਖਰੀ ਚੁਨਾਵ-ਪ੍ਰਣਾਲੀ ਦੇ ਆਧਾਰ ਤੇ ਸੁਧਾਰਾਂ ਦੀ ਸਿਫ਼ਾਰਸ ਕੀਤੀ ਗਈ ਸੀ - ਪਰ ਦਲਿਤ ਸਮਾਜ ਲਈ ਸੰਯੁਕਤ ਚੁਨਾਵ ਅਤੇ ਸੁਰਛਿਅਤ ਸੀਟਾਂ ਦੀ ਸਿਫਾਰਸ਼ ਇਸ ਸ਼ਰਤ ਨਾਲ ਕੀਤੀ ਗਈ ਸੀ ਕਿ ਪ੍ਰਾਂਤ ਦੇ ਗਵਰਨਰ ਤੋਂ ਯੋਗਤਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਤੋਂ ਬਾਦ ਹੀ ਦਲਿਤ ਜਾਤ ਦਾ ਕੋਈ ਮੈਂਬਰ ਚੁਨਾਵ ਵਿਚ ਖੜਾ ਹੋ ਸਕੇਗਾ ।

ਇਹ ਸ਼ਰਤ ਦਲਿਤ ਸਮਾਜ ਲਈ ਅਪਮਾਨ-ਜਨਕ ਸੀ ਸੋ ਡਾ੦ ਅੰਬੇਡਕਰ ਨੇ 8 ਅਗਸਤ 1930 ਨੂੰ ਨਾਗਪੁਰ ਵਿਖੇ ਦਲਿਤ ਜਾਤ ਕਾਂਗਰਸ ਦੇ ਪਹਿਲੇ ਅਧਿਵੇਸ਼ਨ ਵਿਚ ਇਸ ਸ਼ਰਤ ਦੀ ਆਲੋਚਨਾ ਕਰਦੇ ਹੋਇਆ ਕਿਹਾ ਕਿ ਦਲਿਤ ਜਾਤ ਦੇ ਮੈਂਬਰ ਲਈ ਗਵਰਨਰ ਤੋਂ ਪ੍ਰਮਾਣ ਪੱਤਰ ਲੈਣ ਬਾਰੇ ਕੋਈ ਵੀ ਫੈਸਲਾ ਕਰਨ ਦਾ ਅਧਿਕਾਰ ਸਾਡਾ ਆਪਣਾ ਹੈ - ਅਸਾਂ ਕੀ ਕਰਨਾ ਹੈ ਇਹ ਅਸੀਂ ਤੈਅ ਕਰਾਂਗੇ ਨ ਕਿ ਗਵਰਨਰ ਸਾਹਬ ।

ਸਵਿਨਯ ਅਵਗਿਆ ਅੰਦੋਲਨ ਚਲ ਰਿਹਾ ਸੀ - ਕਾਂਗਰਸ ਦੇ ਨੇਤਾ ਜੇਲਾਂ ਵਿਚ ਸਨ - ਸਰਕਾਰ ਤੇ ਕਾਂਗਰਸ ਵਿਚ ਸਮਝੌਤਾ ਨਾ ਹੋਣ ਕਰਕੇ ਸਰਕਾਰ ਨੇ ਕਾਂਗਰਸ ਪ੍ਰਤਿਨਿਧਾਂ ਦੇ ਬਗ਼ੈਰ ਹੀ ਦੂਸਰੇ ਨੇਤਾਵਾਂ ਅਤੇ ਰਿਆਸਤਾਂ ਦੇ ਰਾਜੇਆਂ ਦੇ ਸਹਿਯੋਗ ਨਾਲ ਲੰਦਨ ਵਿਖੇ ਇਕ ਗੋਲ ਮੇਲ ਕਾਨਫ੍ਰੇਂਸ ਦਾ ਆਯੋਜਨ ਕੀਤਾ । 6 ਸਿਤੰਬਰ 1930 ਨੂੰ ਵਾਏਸਰਾਏ ਵੱਲੋਂ ਗੋਲ ਮੇਜ਼ ਕਾਂਨਫ੍ਰੇਂਸ ਵਿਚ ਸ਼ਾਮਲ ਹੋਣ ਲਈ ਡਾ੦ ਅੰਬੇਡਕਰ ਜੀ ਨੂੰ ਸੱਦਾ ਪੱਤਰ ਪ੍ਰਾਪਤ ਹੋਇਆ - ਡਾ੦ ਅੰਬੇਡਕਰ ਨੂੰ ਅਛੂਤਾਂ ਦੇ ਲੀਡਰ ਦੀ ਹੈਸੀਅਰ ਵਿਚ ਕਾਨਫ੍ਰੇਂਸ ਵਿਚ ਸ਼ਾਮਲ ਕੀਤਾ

ਜਾਣਾ ਇਕ ਇਤਿਹਾਸਕ ਘਟਨਾ ਜਾਪ ਰਹੀ ਸੀ - ਦਲਿਤ ਵਰਗ ਕਾਫੀ ਉਤਸ਼ਾਹਿਤ ਨਜ਼ਰ ਆ ਰਿਹਾ ਸੀ ਕਿਉਂਕਿ ਉਨ੍ਹਾਂ ਦੇ ਦੋ ਪ੍ਰਤੀਨਿਧੀ ਡਾ० ਅੰਬੇਡਕਰ ਅਤੇ ਰਾਵ ਬਹਾਦਰ ਸ੍ਰੀ ਨਿਵਾਸਨ ਕਾਨਫ੍ਰੇਂਸ ਵਿਚ ਹਿੱਸਾ ਲੈਣ ਲਈ ਜਾ ਰਹੇ ਸਨ। ਡਾ० ਅੰਬੇਡਕਰ 4 ਅਕਤੂਬਰ 1930 ਨੂੰ ਲੰਦਨ ਲਈ ਰਵਾਨਾ ਹੋਏ।

ਗੋਲ-ਮੇਜ ਕਾਨਫ੍ਰੇਂਸ ਵਿਚ ਬ੍ਰਿਟਿਸ਼ ਭਾਰਤ ਦੇ 53 ਰਿਆਸਤੀ ਭਾਰਤ ਦੇ 20 ਅਤੇ ਬ੍ਰਿਟਿਸ਼ ਦਲਾ ਦੇ 16 ਯਾਨੀ ਕੁਲ 89 ਪ੍ਰਤੀਨਿਧੀ ਸ਼ਾਮਲ ਹੋਏ। ਇਸ ਕਾਂਨਫ੍ਰੇਂਸ ਵਿਚ ਸਪਰੂ-ਜਯਕਰ ਵਰਗੇ ਨਿਰਦਲ ਨੇਤਾ, ਜਿਨ੍ਹਾਂ - ਮੁੰਜੇ ਵਰਗੇ ਸੰਪ੍ਰਦਾਯਕ ਨੇਤਾ, ਸਰ ਰਾਮਾ ਸ੍ਵਾਮੀ ਆਇਯਰ, ਸਰ ਇਸਮਾਇਲ ਮਿਰਜ਼ਾ, ਵਰਗੇ ਰਿਆਸਤੀ ਦੀਵਾਨ ਕਈ ਰਿਆਸਤਾਂ ਦੇ ਮਾਹਰਾਜਾ ਡਾ० ਅੰਬੇਡਕਰ ਅਤੇ ਸ੍ਰੀ ਨਿਵਾਸਨ ਵਰਗੇ ਦਲਿਅਤਾਂ ਦੇ ਨੇਤਾ ਅਤੇ ਸਿੱਖ ਇਸਾਈ ਅਤੇ ਐਂਗਲੋ ਇੰਡੀਅਨ ਪ੍ਰਤੀਨਿਧਾਂ ਦੀ ਸ਼ਮੂਲਿਅਤ ਹੋਈ।

12 ਨਵੰਬਰ 1930 ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਸ੍ਰੀ ਰਮਜ਼ੇ ਮੈਕਡੋਨਾਲਡ ਦੀ ਪ੍ਰਧਾਨਗੀ ਹੇਠ ਗੋਲ ਮੇਜ ਕਾਨਫ੍ਰੇਂਸ ਸ਼ੁਰੂ ਹੋਈ। ਪ੍ਰਾਰੰਭਕ ਚਰਚਾ ਦੇ ਤੌਰ ਤੇ ਨੇਤਾਵਾਂ ਦੇ ਜੋ ਭਾਸ਼ਣ ਹੋਏ ਉਨ੍ਹਾਂ ਸਾਰਿਆਂ ਚੋਂ ਡਾ० ਅੰਬੇਡਕਰ ਜੀ ਦਾ ਭਾਸ਼ਣ ਸਭ ਤੋਂ ਵੱਧ ਮਰਮ ਸਪਰਸ਼ੀ ਅਤੇ ਸਾਰਿਆਂ ਦਾ ਧਿਆਨ ਆਕਰਸ਼ਤ ਕਰਨ ਵਾਲਾ ਸੀ। ਡਾ० ਸਾਹਿਬ ਨੇ ਕਿਹਾ -

"ਮੈਂ ਜਿਨ੍ਹਾਂ ਅਛੂਤਾਂ ਦਾ ਪ੍ਰਤੀਨਿਧ ਬਣ ਕੇ ਇਥੇ ਆਇਆ ਹਾਂ, ਹਿੰਦੁਸਤਾਨ ਵਿਚ ਉਨ੍ਹਾਂ ਦੀ ਗਿਨਤੀ ਹਿੰਦੋਸਤਾਨ ਦੀ ਕੁਲ ਆਬਾਦੀ ਦਾ ਪੰਜਵਾਂ ਹਿੱਸਾ ਹੈ ਯਾਨੀ ਇੰਗਲੈਂਡ ਯਾ ਫਰਾਂਸ ਦੀ ਕੁਲ ਆਬਾਦੀ ਦੇ ਬਰਾਬਰ - ਪਰ ਮੇਰੇ ਇਨ੍ਹਾਂ ਅਛੂਤ ਭਰਾਵਾਂ ਦੀ ਹਾਲਤ ਗੁਲਾਮਾਂ ਨਾਲੋਂ ਵੀ ਬੱਦਤਰ ਹੈ ਕਿਉਂਕਿ ਗੁਲਾਮਾਂ ਦੇ ਮਾਲਕ ਉਨ੍ਹਾਂ ਨੂੰ ਸਪਰਸ਼ ਤਾਂ ਕਰ ਲੈਂਦੇ ਹਨ ਪਰ ਸਾਨੂੰ ਸਪਰਸ਼ ਕਰਨਾ (ਛੂਹਣਾ) ਵੀ ਪਾਪ ਸਮਝਿਆ ਜਾਂਦਾ ਹੈ - ਹਿੰਦੁਸਤਾਨ ਵਿਚ ਅੰਗ੍ਰੇਜ਼ੀ ਰਾਜ ਤੋਂ ਪਹਿਲਾਂ ਵੀ ਅਸੀਂ ਅਛੂਤ ਸੀ - ਅੱਜ ਵੀ ਅਛੂਤ ਹਾਂ। ਪਹਿਲੋ ਸਾਨੂੰ ਖ਼ੂਹਾਂ ਚੋਂ ਪਾਣੀ ਨਹੀਂ ਸੀ ਭਰਨ ਦਿੱਤਾ ਜਾਂਦਾ ਅਤੇ ਮੰਦਰਾਂ ਵਿਚ ਨਹੀਂ ਸੀ ਜਾਣ ਦਿੱਤਾ ਜਾਂਦਾ, ਹੁਣ ਵੀ ਪਾਣੀ ਭਰਨ ਦੀ ਮਨਾਹੀ ਹੈ ਅਤੇ ਮੰਦਰ ਵਿਚ ਸਾਡਾ ਜਾਣਾ ਵਰਜਿਤ ਹੈ। ਕੀ ਬ੍ਰਿਟਿਸ਼ ਸਰਕਾਰ ਨੇ ਸਾਨੂੰ

ਉਹ ਅਧਿਕਾਰ ਦਿਵਾਏ ਹਨ ? ਪਹਿਲੋ ਸਾਡੀ ਪੁਲਸ ਅਤੇ ਫੌਜੀ ਮਹਿਕਮੇ ਵਿਚ ਭਰਤੀ ਨਹੀਂ ਸੀ ਹੁੰਦੀ, ਹੁਣ ਵੀ ਉਹੀ ਹਾਲ ਹੈ ਪਿਛਲੇ 150 ਸਾਲਾਂ ਦੇ ਬ੍ਰਿਟਿਸ਼ ਰਾਜ ਵਿਚ ਅਛੂਤਾਂ ਦੇ ਹਾਲਾਤ ਵਿਚ ਰਤੀ ਭਰ ਵੀ ਫਰਕ ਨਹੀਂ ਪਿਆ - 'ਅਸੀਂ ਜਿਸ ਤਰ੍ਹਾਂ ਸੀ, ਉਸੇ ਤਰ੍ਹਾਂ ਹੀ ਹਾਂ' ਅਜਿਹੀ ਸਰਕਾਰ ਤੋਂ ਅਸੀਂ ਕਿਸੇ ਤਰ੍ਹਾਂ ਦੀ ਵੀ ਭਲਾਈ ਦੀ ਕੀ ਉਮੀਦ ਕਰ ਸਕਦੇ ਹਾਂ ? ਅੱਜ ਗਰੀਬ ਮਜ਼ਦੂਰ ਅਤੇ ਦਲਿਤ ਸਾਰੇ ਹੀ ਮੌਜੂਦਾ ਸਰਕਾਰ ਦੀ ਥਾਂ ਜਨਤਾ ਲਈ ਜਨਤਾ ਦਾ ਹੀ ਰਾਜ ਚਾਹੁੰਦੇ ਹਨ। ਆਪਣੇ ਦੁਖ ਅਸੀਂ ਆਪ ਦੂਰ ਕਰਾਂਗੇ। ਇਸ ਦੇ ਲਈ ਸਾਨੂੰ ਰਾਜਨੀਤਕ ਤਾਕਤ ਦੀ ਲੋੜ ਹੈ। ਉਹ ਵਕਤ ਬੀਤ ਗਿਆ ਹੈ ਜਦ ਤੁਸੀਂ ਫੈਸਲਾ ਕਰਦੇ ਸੀ ਅਤੇ ਹਿੰਦੁਸਤਾਨ ਮੰਨਦਾ ਸੀ - ਉਹ ਜ਼ਮਾਨਾ ਹੁਣ ਕਦੇ ਨਹੀਂ ਆਵੇਗਾ।

ਡਾ॰ ਅੰਬੇਡਕਰ ਦੇ ਭਾਸ਼ਣ ਨਾਲ ਸਾਰੇ ਬਹੁਤ ਹੀ ਜਿਆਦਾ ਪ੍ਰਭਾਵਿਤ ਹੋਏ - ਉਨ੍ਹਾਂ ਦੇ ਭਾਸ਼ਣ ਵਿਚ ਜਿੱਥੇ ਵੇਦਨਾ ਸੀ, ਜੋਸ਼ ਸੀ ਉਸ ਦੇ ਨਾਲ ਹੀ ਰੋਸ਼ ਵੀ ਸੀ ਅਤੇ ਪ੍ਰਸਥਿਤੀਆਂ ਦੀ ਸਪਸ਼ਟ ਵਿਵੇਚਨਾ ਹੀ ਨਹੀਂ ਬ੍ਰਿਟਿਸ਼ ਸਰਕਾਰ ਦੀ ਨਿਰਭੀਕ ਆਲੋਚਨਾ ਵੀ ਸੀ। ਡਾ॰ ਅੰਬੇਡਕਰ ਜੀ ਦੀ ਇਹ ਖਾਸੀਅਤ ਸੀ ਕਿ ਉਹ ਕਿਸੇ ਤੋਂ ਵੀ ਕਿਸੇ ਗੱਲ ਤੇ ਪ੍ਰਭਾਵਿਤ ਹੋਏ ਬਗ਼ੈਰ ਸੱਚੀ ਗਲ ਨਿਰਭੀਕ ਹੋ ਕੇ ਕਹਿ ਦੇਂਦੇ ਸਨ। ਗੱਲ ਭਾਵੇਂ ਕਿਸੇ ਦੇ ਵੀ ਖਿਲਾਫ ਹੋਵੇ ਬੇਸ਼ਕ ਸਰਕਾਰ ਦੇ ਹੀ ਖਿਲਾਫ ਕਿਉਂ ਨ ਹੋਵੇ।

ਗੋਲ ਮੇਜ਼ ਕਾਨਫ੍ਰੇਂਸ ਵੱਲੋਂ 9 ਉਪ ਸਮਿਤਿਆਂ ਬਣਾਈਆਂ ਗਈਆਂ ਜਿਨ੍ਹਾਂ ਚੋ ਜਿਆਦਾਤਰ ਵਿਚ ਡਾ॰ ਅੰਬੇਡਕਰ ਜੀ ਨੂੰ ਮੈਂਬਰ ਦੇ ਤੌਰ ਤੇ ਰੱਖਿਆ ਗਿਆ - ਕਾਨਫ੍ਰੇਂਸ ਦੇ ਦੌਰਾਨ ਹੀ ਡਾ॰ ਸਾਹਿਬ ਦਾ ਪ੍ਰਭਾਵ ਵਿਦੇਸ਼ੀ ਪਤਰਕਾਰਾਂ ਉਤੇ ਪੈ ਚੁੱਕਾ ਸੀ ਸੋ ਡਾ॰ ਸਾਹਿਬ ਦੇ ਲੇਖਾਂ ਅਤੇ ਅਖਬਾਰਾਂ ਨੂੰ ਦਿੱਤੇ ਗਏ ਸਾਛਾਤਕਾਰਾਂ ਦੇ ਫਲਸਰੂਪ ਭਾਰਤ ਵਿਚ ਅਛੂਤਾਂ ਨਾਲ ਹੋ ਰਹੇ ਵਿਤਕਰੇ (ਫੌਜ ਅਤੇ ਪੁਲਸ ਆਦਿ ਕਈ ਮਹਿਕਮਿਆਂ ਵਿਚ ਨੌਕਰੀ ਨ ਦੇਣਾ) ਅਤੇ ਸਵਰਣ ਹਿੰਦੂਆਂ ਵੱਲੋਂ ਅਛੂਤਾਂ ਪ੍ਰਤੀ ਹੀਨ ਭਾਵਨਾ ਬਾਰੇ ਸੰਸਾਰ ਦੇ ਦੂਜੇ ਦੇਸ਼ਾ ਨੂੰ ਕਾਫੀ ਜਾਣਕਾਰੀ ਪ੍ਰਾਪਤ ਹੋ ਚੁੱਕੀ ਸੀ।

27 ਫਰਵਰੀ 1931 ਨੂੰ ਡਾ॰ ਅੰਬੇਡਕਕਰ ਲੰਦਨ ਤੋਂ ਵਾਪਸ ਬੰਬਈ ਪਹੁੰਚੇ। ਅੰਬੇ

ਡਕਰ ਸੇਵਾ ਦਲ ਅਤੇ ਦਲਿਤ ਜਨਤਾ ਨੇ ਡਾ੦ ਅੰਬੇਡਕਰ ਦਾ ਜ਼ੋਰਦਾਰ ਸੁਾਗਤ ਕੀਤਾ । ਅਛੂਤ ਨੇਤਾਵਾਂ ਦੀ ਪਰਿਸ਼ਦ ਵਿਚ ਡਾ੦ ਅੰਬੇਡਕਰ ਜੀ ਨੇ ਗੋਲ ਮੇਜ਼ ਕਾਨਫ੍ਰੰਸ ਵਿਚ ਆਪਣੇ ਕੀਤੇ ਹੋਏ ਕੰਮ ਦੀ ਰਿਪੋਰਟ ਪੇਸ਼ ਕੀਤੀ - ਇਸ ਮੌਕੇ ਉਤੇ ਬੰਬਈ ਸਰਕਾਰ ਨੇ ਅਛੂਤਾਂ ਨੂੰ ਪੁਲਸ ਵਿਭਾਗ ਵਿਚ ਭਰਤੀ ਕਰਨ ਦੀ ਘੋਸ਼ਣਾ ਕਰ ਦਿੱਤੀ - ਇਹ ਡਾ੦ ਅੰਬੇਡਕਰ ਜੀ ਦੇ ਪ੍ਰਯਤਨਾਂ ਦਾ ਹੀ ਨਤੀਜਾ ਸੀ ।

## ਗਾਂਧੀ ਅਤੇ ਅੰਬੇਡਕਰ ਦੇ ਵਿਚਾਰਾਂ ਵਿਚ ਮਤਭੇਦ

ਮਹਾਤਮਾ ਗਾਂਧੀ ਹਮੇਸ਼ਾਂ ਹੀ ਦਲਿਤਾਂ ਦੇ ਮਾਮਲੇ ਵਿਚ ਡਾ੦ ਅੰਬੇਡਕਰ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਦਿਖੇ ਕਿਉਂਕਿ ਜਿੱਥੇ ਡਾ੦ ਅੰਬੇਡਕਰ ਸ਼ੂਧਰ ਲਈ ਵਖਰਾ ਨਿਰਵਾਚਨ ਸੰਘ ਚਾਹੁੰਦੇ ਸਨ ਉਥੇ ਮਹਾਤਮਾ ਗਾਂਧੀ ਵਖਰੇ ਨਿਰਵਾਚਨ ਸੰਘ ਦੇ ਖਿਲਾਫ ਸਨ । ਜਿੱਥੇ ਤਕ ਅਛੂਤਾਂ ਦੇ ਹਾਲਾਤ ਦਾ ਸੰਬੰਧ ਹੈ ਇਹ ਮੁਸਲਮਾਨਾਂ ਤੋਂ ਵੀ ਵੱਧ ਪਿਛੜੇ ਹੋਏ ਹੋਣ ਕਰਕੇ ਵਖਰੇ ਨਿਰਵਾਚਕ ਸੰਘ ਦੇ ਹਕਦਾਰ ਇਸ ਕਰਕੇ ਵੀ ਸਨ ਕਿਉਂਕਿ ਮੁਸਲਮਾਨਾਂ ਦੇ ਵਖਰੇ ਪ੍ਰਤਿਨਿਧਤਵ ਅਤੇ ਵਖਰੇ ਨਿਰਵਾਚਕ ਮੰਡਲ ਨੂੰ ਸਰਕਾਰ ਪਹਿਲੋਂ ਹੀ ਪ੍ਰਵਾਨਗੀ ਦੇ ਚੁੱਕੀ ਸੀ ਜਿਸ ਉਤੇ 1916 ਦੇ 'ਲਖਨਊ ਪੈਕਟ' ਦੇ ਅੰਤਰਗਤ ਕਾਂਗ੍ਰੇਸ ਆਪਣੀ ਮੋਹਰ ਵੀ ਲਾ ਚੁੱਕੀ ਸੀ ।

## ਦੂਸਰੀ ਗੋਲ ਮੇਜ਼ ਕਾਂਨਫ੍ਰੰਸ

15 ਅਗਸਤ 1931 ਨੂੰ ਡਾ੦ ਅੰਬੇਡਕਰ ਜੀ ਦੂਜੀ ਗੋਲ ਮੇਜ਼ ਕਾਨਅਫ੍ਰੰਸ ਵਿਚ ਸ਼ਾਮਲ ਹੋਣ ਲਈ ਲੰਦਨ ਰਵਾਨਾ ਹੋ ਗਏ । ਉਨ੍ਹਾਂ ਨੂੰ ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਫੈਡਰਲ ਕਮੇਟੀ ਵਿਚ ਨਿਯੁਕਤ ਕੀਤਾ ਗਿਆ ਸੀ - 29 ਅਗਸਤ 1931 ਨੂੰ ਗਾਂਧੀ ਜੀ, ਪੰਡਤ ਮਦਨ ਮੋਹਨ ਮਾਲਵੀਯ ਜੀ ਅਤੇ ਸਰੋਜਨੀ ਨਾਯਡੂ ਵੀ ਲੰਦਨ ਰਵਾਨਾ

ਹੋਏ ਅਤੇ 7 ਸਿਤੰਬਰ 1931 ਨੂੰ ਦੂਜੀ ਗੋਲ ਮੇਜ਼ ਕਾਂਨਫ੍ਰੇਂਸ ਸ਼ੁਰੂ ਹੋਈ ।

15 ਸਿਤੰਬਰ 1931 ਨੂੰ ਗਾਂਧੀ ਜੀ ਨੇ ਆਪਣੇ ਭਾਸ਼ਣ ਵਿਚ ਸਟ੍ਰਕਚਰ ਕਮੇਟੀ ਨੂੰ ਦੱਸਿਆ ਕਿ 'ਕਾਂਗ੍ਰੇਸ ਨੇ ਸ਼ੁਰੂ ਤੋਂ ਹੀ ਅਛੂਤਾਂ ਦੀ ਭਲਾਈ ਦਾ ਕੰਮ ਆਪਣੇ ਹੱਥਾਂ ਵਿਚ ਲੈ ਰੱਖਿਆ ਹੈ ਜਿਸ ਦੇ ਤਹਤ 1920 ਵਿਚ ਇਕ ਵੱਡਾ ਕਦਮ ਇਹ ਚੁੱਕਿਆ ਗਿਆ ਕਿ ਅਸਪ੍ਰਸ਼ਤਾ (ਛੂਆ-ਛੂਤ) ਨਿਵਾਰਣ ਨੂੰ ਰਾਜਨੀਤਕ ਮੰਚ ਦੀ ਆਧਾਰ ਸ਼ਿਲਾ ਬਣਾ ਕੇ ਰਾਜਨੀਤਕ ਕਾਰਜ ਕਰਮਾਂ ਦਾ ਇਕ ਮਹਤਵਪੂਰਨ ਅੰਗ ਬਣਾ ਦਿੱਤਾ ਗਿਆ ਹੈ । ਗਾਂਧੀ ਜੀ ਦਾ ਕਥਨ ਪੂਰੀ ਤਰ੍ਹਾਂ ਠੀਕ ਨਹੀਂ ਸੀ ਕਿਉਂਕਿ 1922 ਵਿਚ ਬਾਰਡੋਲੀ ਵਿਖੇ ਦਲਿਤਾਂ ਦੇ ਉਧਾਰ ਸੰਬੰਧੀ ਜੋ ਕਾਰਜਕਰਮ ਤਿਆਰ ਕੀਤਾ ਗਿਆ ਸੀ ਉਸ ਲਈ ਇਕ ਚਾਰ ਮੈਂਬਰੀ ਕਮੇਟੀ ਬਣੀ ਸੀ ਜਿਸ ਦੇ ਸੰਯੋਜਕ ਸ੍ਵਾਮੀ ਸ਼ਰਧਾਨੰਦ ਜੀ ਸਨ ਜੋ ਕਿ ਦਲਿਤ ਉਧਾਰ ਦੇ ਕੰਮਾਂ ਦੇ ਵਿਸ਼ੇਸ਼ਗ ਮੰਨੇ ਜਾਂਦੇ ਸਨ - ਉਹ ਅਖਿਲ ਭਾਰਤੀ ਪਧਰ ਉਤੇ ਅਛੂਤਾਂ ਦੇ ਉਧਾਰ ਦਾ ਪ੍ਰਸ਼ਨ ਚੁੱਕਣਾ ਚਾਹੁੰਦੇ ਸਨ, ਪਰ ਕਾਂਗ੍ਰੇਸ ਦੀ ਢਿੱਲੀ ਅਤੇ ਉਪੇਕਛਾ ਦੀ ਨੀਤੀ ਦੇ ਕਾਰਨ ਸ੍ਵਾਮੀ ਜੀ ਨੇ ਕੁਝ ਕੀਤੇ ਬਗੈਰ ਹੀ ਇਸਤੀਫਾ ਦੇ ਦਿੱਤਾ - ਸ੍ਵਾਮੀ ਜੀ ਦੇ ਇਸਤੀਫਾ ਦੇ ਦੇਣ ਕਾਰਨ, ਕਾਂਗ੍ਰੇਸ ਦੀ ਅਛੂਤਾਂ ਦੇ ਉਧਾਰ ਵਿਚ ਦਿਲਚਸਪੀ ਨਾ ਹੋਣਾ, ਸਪਸ਼ਟ ਕਰਦਾ ਹੈ । ਇਸ ਸੰਬੰਧ ਵਿਚ ਡਾ੦ ਅੰਬੇਡਕਰ ਜੀ ਨੇ ਕਿਹਾ ਕਿ ਕਾਂਗ੍ਰੇਸ ਸਿਧਾਂਤ ਦੇ ਬਜਾਏ ਆਪਣੇ ਸੰਗਠਨ ਦੀ ਮਜ਼ਬੂਤੀ ਉਤੇ ਜ਼ਿਆਦਾ ਧਿਆਨ ਦੇਂਦੀ ਹੈ ।

ਡਾ੦ ਸਾਹਿਬ ਨੇ ਆਪਣੀ ਪੁਸਤਕ 'What Congress and Gandhi have done to the untuchables' (ਕਾਂਗ੍ਰੇਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ) ਵਿਚ ਬਾਰਡੋਲੀ ਕਾਰਜ ਕਰਮ ਬਾਰੇ ਵਿਸਤਾਰ ਪੂਰਵਕ ਦੱਸਿਆ ਹੈ ਕਿ ਅਸਲਿਅਤ ਵਿਚ ਦਲਿਤਾਂ ਦੇ ਉਧਾਰ ਦਾ ਕਾਂਗ੍ਰੇਸ ਵੱਲੋਂ ਪ੍ਰਦਰਸ਼ਨ ਬਹੁਤ ਸੀ, ਕੰਮ ਘਟ ਸੀ ।

ਗਾਂਧੀ ਜੀ ਨੇ ਦਲਿਤਾਂ ਦੇ ਵਖਰੇ ਪ੍ਰਤਿਨਿਧਿਤਵ ਨੂੰ ਨਹੀਂ ਸੀ ਮੰਨਿਆ ਇਸ ਕਰਕੇ ਡਾ੦ ਸਾਹਿਬ ਉਨ੍ਹਾਂ ਤੋਂ ਸਖਤ ਨਾਰਾਜ ਸਨ । ਸ਼ੁਰੂ ਤੋਂ ਹੀ ਦੋਵੇਂ ਇਕ ਦੂਜੇ ਤੋਂ ਸਤਰਕ ਰਹਿੰਦੇ ਸਨ - ਦੋਵਾਂ ਦੇ ਮਤਭੇਦਾਂ ਨੂੰ ਖਤਮ ਕਰਨ ਲਈ ਸਰੋਜਨੀ ਨਾਈਡੂ ਨੇ ਵੀ ਪ੍ਰਯਾਸ ਕੀਤਾ ਪਰ ਕੋਈ

ਨਤੀਜਾ ਨ ਨਿਕਲਿਆ ਕਿਉਂਕਿ ਗਾਂਧੀ ਅਤੇ ਅੰਬੇਡਕਰ ਦੋਵੇਂ ਹੀ ਆਪਣੀ-ਆਪਣੀ ਧੁਨ ਦੇ ਪੱਕੇ ਸਨ ।

## ਪੂਨਾ ਪੈਕਟ
## (ਇਕ ਵੱਡੀ ਜਿੱਤ)

26 ਮਈ 1932 ਨੂੰ ਡਾ० ਅੰਬੇਡਕਰ ਲੰਦਨ ਗਏ ਅਤੇ ਕੈਬਨੇਟ ਦੇ ਸਾਰੇ ਮਹਤਵਪੂਰਨ ਬੰਦਿਆਂ ਨੂੰ ਮਿਲੇ - ਉਹ ਵਖਰੇ ਦਲਿਤ ਪ੍ਰਤਿਨਿਧਿਤਵ ਉਤੇ ਜੋਰ ਦੇਣ ਲਈ ਹੀ ਲੰਦਨ ਗਏ ਸਨ - ਉਥੋਂ ਡਾ० ਅੰਬੇਡਕਰ ਸਾਹਿਬ 17 ਅਗਸਤ 1932 ਨੂੰ ਬੰਬਈ ਪਹੁੰਚੇ ਅਤੇ 20 ਅਗਸਤ 1932 ਨੂੰ ਪ੍ਰਧਾਨਮੰਤ੍ਰੀ ਦੇ Communal Award (ਸੰਪ੍ਰਦਾਯਕ ਨਿਰਣਾ) ਦੀ ਘੋਸ਼ਣਾ ਹੋਈ - ਇਸ ਵਿਚ ਦਲਿਤ ਜਾਤਾਂ ਨੂੰ ਵਖਰੇ ਨਿਰਵਾਚਨ ਦਾ ਅਧਿਕਾਰ ਦਿੱਤਾ ਗਿਆ ਸੀ ਅਤੇ ਨਾਲ ਹੀ ਆਮ ਨਿਰਵਾਚਨ (General Elections) ਲਈ ਮਤ ਦੇਣ ਤੋਂ ਛੁੱਟ ਉਮੀਦਵਾਰੀ ਦਾ ਅਧਿਕਾਰ ਵੀ ਦੇ ਦਿੱਤਾ ਗਿਆ ਸੀ । ਇਹ ਡਾ० ਅੰਬੇਡਕਰ ਜੀ ਦੀ ਜਿੱਤ ਸੀ - ਪਰ ਗਾਂਧੀ ਜੀ ਲਈ ਇਹ ਇਕ ਕਰਾਰੀ ਸੱਟ ਤੋਂ ਘੱਟ ਨਹੀਂ ਸੀ - ਗਾਂਧੀ ਜੀ ਨੇ ਯਰਵਦਾ ਜੇਲ ਵਿਚੋਂ ਬ੍ਰਿਟਿਸ਼ ਪ੍ਰਧਾਨ ਮੰਤ੍ਰੀ ਨੂੰ ਇਤਲਾਹ ਦਿੱਤੀ ਕਿ 20 ਸਿਤੰਬਰ 1932 ਤੋਂ, ਦਲਿਤਾਂ ਨੂੰ ਪ੍ਰਤਿਨਿਧਿਤਵ ਦੇ ਅਧਿਕਾਰ ਦੇ ਵਿਰੁੱਧ ਮੇਰਾ ਮਰਣ ਵਰਤ ਸ਼ੁਰੂ ਹੋਵੇਗਾ - ਗਾਂਧੀ ਜੀ ਦੀ ਇਸ ਘੋਸ਼ਣਾ ਦੇ ਨਾਲ ਸਾਰੇ ਦੇਸ਼ ਵਿਚ ਖਲਬਲੀ ਮੱਚ ਗਈ । 20 ਸਿਤੰਬਰ ਨੂੰ ਅਨਸ਼ਨ (ਮਰਨ ਵਰਤ) ਸ਼ੁਰੂ ਹੋਇਆ ਤਾਂ ਗਾਂਧੀ ਜੀ ਦੀ ਪ੍ਰਾਣਾਂ ਦੀ ਰੱਛਾ ਲਈ ਨੇਤਾਵਾਂ ਦੀ ਦੋੜ ਧੁਪ ਵੀ ਸ਼ੁਰੂ ਹੋ ਗਈ ।

ਪੰਡਤ ਮਦਨ ਮੋਹਨ ਮਾਲਵੀਯ ਜੀ ਨੇ ਵਰਤ ਤੋਂ ਇਕ ਦਿਨ ਪਹਿਲਾ ਯਾਨੀ 19 ਸਿਤੰਬਰ ਨੂੰ ਹੀ ਨੇਤਾਵਾਂ ਦੀ ਇਕ ਕਾਂਨਫ੍ਰੇਂਸ ਦਾ ਆਯੋਜਨ ਕੀਤਾ ਸੀ । ਕਾਂਨਫ੍ਰੇਂਸ ਵਿਚ ਮਾਲਵੀਯ ਜੀ ਤੋਂ ਇਲਾਵਾ ਡਾ० ਰਾਜਿੰਦਰ ਪ੍ਰਸਾਦ, ਅਣੇ-ਮੁਝੇਂ ਠਕੱਰ, ਸਰ ਚਿਮਨ ਲਾਲ

ਸੇਟਲਵਾੜ, ਐਮ.ਸੀ. ਰਾਜਾ, ਡਾ० ਸੋਲੰਕੀ ਅਤੇ ਡਾ० ਅੰਬੇਡਕਰ ਆਦਿ ਨੇਤਾ ਸ਼ਾਮਲ ਹੋਏ। ਡਾ० ਅੰਬੇਡਕਰ ਨੇ ਕਿਹਾ ਕਿ ਦਲਿਤ ਜਾਤੀਆਂ ਦੇ ਹਿੱਤਾਂ ਦੇ ਵਿਰੁੱਧ ਗਾਂਧੀ ਜੀ ਦਾ ਆਮਰਣ ਅੰਸ਼ਨ ਕਰਨਾ ਬੜਾ ਦੁਖਜਨਕ ਹੈ। ਇਹ ਤਾਂ ਉਚਿਤ ਹੈ ਕਿ ਗਾਂਧੀ ਜੀ ਦਾ ਜੀਵਨ ਬਚਾਉਣ ਲਈ ਹਰ ਸੰਭਵ ਪ੍ਰਯਾਸ ਕੀਤਾ ਜਾਵੇ ਪਰ ਇਕ ਗੱਲ ਨਿਸ਼ਚਿਤ ਹੈ ਕਿ ਗਾਂਧੀ ਜੀ ਦਾ ਜੀਵਨ ਬਚਾਉਣ ਲਈ, ਮੈਂ ਦਲਿਤਾਂ ਦੇ ਹਿੱਤਾਂ ਦੇ ਵਿਰੁਧ ਕਿਸੇ ਪ੍ਰਕਾਰ ਦੇ ਵੀ ਪ੍ਰਸਤਾਵ ਦਾ ਸਮਰਥਕ ਨਹੀਂ ਹੋਵਾਂਗਾ।

ਕਾਫੀ ਵੀਚਾਰਾਂ ਤੋਂ ਬਾਦ ਸਪਰੂ ਅਤੇ ਰਾਜ ਗੋਪਾਲਾਚਾਰੀਆ ਵਰਗੇ ਰਾਜਨੀਤਕਾਂ ਨੇ ਸਮਝੌਤੇ ਦੀਆਂ ਕਈ ਯੋਜਨਾਵਾਂ ਬਣਾ ਕੇ ਡਾ० ਅੰਬੇਡਕਰ ਨੂੰ ਵਿਖਾਈਆਂ ਅਤੇ ਅੰਤ ਡਾ० ਸਾਹਿਬ ਨੂੰ ਸੰਯੁਕਤ ਚੁਨਾਵ ਦੇ ਹੱਕ ਵਿਚ ਕਰ ਲਿਆ। 24 ਸਿਤੰਬਰ 1932 ਨੂੰ ਇਸ ਪੂਨਾ ਪੈਕਟ ਉਤੇ ਚੋਣਵੇ ਨੇਤਾਵਾਂ ਦੇ ਹਸਤਾਖਰ ਹੋਏ। ਬ੍ਰਿਟਿਸ਼ ਕੈਬਨੇਟ ਨੇ ਵੀ ਪੂਨਾ ਪੈਕਟ ਨੂੰ ਮੰਜ਼ੂਰ ਕੀਤਾ - ਇਸ ਤਰ੍ਹਾਂ 26 ਸਿਤੰਬਰ ਨੂੰ ਗਾਂਧੀ ਜੀ ਨੇ ਆਪਣਾ ਮਰਨ ਵਰਤ ਖਤਮ ਕੀਤਾ।

ਪੂਨਾ ਪੈਕਟ ਨੂੰ ਅੰਬੇਡਕਰ ਜੀ ਦੀ ਇਕ ਵੱਡੀ ਜਿੱਤ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ ਕਿਉਂਕਿ ਇਸ ਪੈਕਟ ਤੋਂ ਬਾਦ ਬੰਬਈ ਵਿਖੇ 25 ਸਿਤੰਬਰ 1932 ਨੂੰ ਜੋ ਸਭਾ ਹੋਈ (ਜਿਸ ਦੇ ਸਭਾਪਤੀ ਪੰਡਿਤ ਮਦਨ ਮੋਹਨ ਮਾਲਵੀਯ ਜੀ ਸਨ) ਉਸ ਵਿਚ ਸਰਵ-ਸਮਤੀ ਨਾਲ ਜੋ ਪ੍ਰਸਤਾਵ ਪਾਸ ਹੋਇਆ ਉਹ ਇਸ ਤਰ੍ਹਾਂ ਸੀ -

"ਇਹ ਸਭਾ ਨਿਸ਼ਚਿਤ ਕਰਦੀ ਹੈ ਕਿ ਭਵਿਸ਼ ਵਿਚ ਹੁਣ ਹਿੰਦੂ ਜਾਤ ਵਿਚ ਕਿਸੇ ਨੂੰ ਵੀ ਜਨਮ ਦੇ ਆਧਾਰ ਉਤੇ ਅਛੂਤ ਨਹੀਂ ਸਮਝਿਆ ਜਾਵੇ ਅਤੇ ਜਿਨ੍ਹਾਂ ਨੂੰ ਹੁਣ ਤਕ ਅਛੂਤ ਸਮਝਿਆ ਜਾਂਦਾ ਸੀ, ਉਨ੍ਹਾਂ ਨੂੰ ਦੂਜੇ ਹਿੰਦੂਆਂ ਦੀ ਤਰ੍ਹਾਂ ਹੀ ਖੂਹਾਂ, ਸਕੂਲਾਂ, ਸੜਕਾ ਅਤੇ ਹੋਰ ਸਾਰੇ ਸਾਰਵਜਨਿਕ ਸਥਾਨਾਂ ਦੇ ਪ੍ਰਯੋਗ ਦਾ ਪੂਰਾ-ਪੂਰਾ ਅਧਿਕਾਰ ਹੋਵੇਗਾ"।

ਮੌਕਾ ਮਿਲਦਿਆਂ ਹੀ ਉਪਰੋਕਤ ਵਰਣਤ ਅਧਿਕਾਰਾਂ ਨੂੰ ਕਾਨੂੰਨੀ ਰੂਪ ਦੇ ਦਿੱਤੇ ਜਾਣ ਦਾ ਆਸ਼ਵਾਸਨ ਵੀ ਦਿੱਤਾ ਗਿਆ।

## ਪੂਨਾ ਪੈਕਟ ਦੇ ਕੁਝ ਹੋਰ ਮਹਤਵਪੂਰਨ ਪਹਿਲੂ

ਗਾਂਧੀ ਜੀ ਨੇ ਜੋ ਅਸਪ੍ਰਸਤਾ ਨਿਵਾਰਣ ਅੰਦੋਲਨ ਸ਼ੁਰੂ ਕੀਤਾ ਸੀ ਉਸ ਦੀ ਮੰਦਗਤੀ ਨੂੰ ਧਿਕਾ ਦੇ ਕੇ ਤੇਜ਼ੀ ਨਾਲ ਚਲਾਉਣ ਦਾ ਸੇਹਰਾ ਅੰਬੇਡਕਰ ਜੀ ਦੇ ਹੀ ਸਿਰ ਬਝਦਾ ਹੈ ਕਿਉਂਕਿ ਜੇ ਬ੍ਰਿਟਿਸ਼ ਸਰਕਾਰ ਅੰਬੇਡਕਰ ਜੀ ਦੀ ਅਛੂਤਾਂ ਲਈ ਵਖਰੇ ਪ੍ਰਤਿਨਿਧਿਤਵ ਦੀ ਮੰਗ ਸ੍ਵੀਕਾਰ ਨ ਕਰਦੀ ਤਾਂ ਗਾਂਧੀ ਜੀ ਉਪਵਾਸ ਨ ਕਰਦੇ - ਜੇ ਗਾਂਧੀ ਜੀ ਉਪਵਾਸ ਨ ਕਰਦੇ ਤਾਂ ਉਹ ਸਭ ਕੁਝ ਨਹੀਂ ਸੀ ਹੋਣਾ ਜੋ ਉਪਵਾਸ ਕਰ ਕੇ ਹੋਇਆ। ਅਰਥਾਤ ਨ ਤੇ ਸਾਰੇ ਮੰਨੇ ਹੋਏ ਨੇਤਾ ਕੱਠੇ ਹੁੰਦੇ ਅਤੇ ਨਾ ਹੀ ਅਛੂਤਾਂ ਨੂੰ ਆਮ ਹਿੰਦੂਆ ਵਰਗੇ ਅਧਿਕਾਰਾਂ ਲਈ ਕੋਈ ਸਭਾ ਹੁੰਦੀ ਕਿਉਂਕਿ ਕਾਂਗ੍ਰੇਸ ਦੇ ਨੇਤਾ ਤਾਂ ਡਾ॰ ਅੰਬੇਡਕਰ ਨੂੰ ਕੋਈ ਮਹਤਵ ਦੇਣਾ ਹੀ ਨਹੀਂ ਸਨ ਚਾਹੁੰਦੇ ਪਰ ਜਦ ਗਾਂਧੀ ਜੀ ਦੀ ਜਾਨ ਬਚਾਵੁਣ ਲਈ ਕਾਂਗ੍ਰੇਸੀ ਨੇਤਾਵਾਂ ਨੂੰ ਮਜ਼ਬੂਰਨ ਅਛੂਤਾਂ ਦੇ ਨੇਤਾ ਡਾ॰ ਅੰਬੇਡਕਰ ਨੂੰ ਮਨਾਣਾ ਪਿਆ ਤਦ ਸਪਸ਼ਟ ਹੈ ਕਿ ਗਾਂਧੀ ਜੀ ਦੀ ਜਾਨ ਬਚਾਉਣ ਦਾ ਸੇਹਰਾ ਵੀ ਡਾ॰ ਅੰਬੇਡਕਰ ਜੀ ਦੇ ਹੀ ਸਿਰ ਬਝਣਾ ਮੰਨਿਆ ਜਾਵੇਗਾ।

## ਧਰਮ ਪਰਿਵਰਤਨ ਦਾ ਐਲਾਨ

ਮਹਾਡ ਅਤੇ ਨਾਸਿਕ ਸਤਿਆਗ੍ਰਹਿਆਂ ਦੇ ਦੌਰਾਨ ਡਾ॰ ਅੰਬੇਡਕਰ ਨੇ ਕਾਫੀ ਅਪਮਾਨ ਸਹਿਣ ਕਰਨ ਤੋਂ ਬਾਦ ਹਾਲਾਤ ਤੇ ਚੰਗੀ ਤਰਾਂ ਵੀਚਾਰ ਕੀਤਾ ਅਤੇ ਇਸ ਨਤੀਜੇ ਤੇ ਪੁੱਜੇ ਕਿ ਹਿੰਦੂ ਸਮਾਜ ਵਿਚ ਦਲਿਤਾਂ ਨੂੰ ਬਰਾਬਰੀ ਦਾ ਦਰਜਾ ਨਹੀਂ ਪ੍ਰਾਪਤ ਹੋ ਸਕਦਾ - ਇਹੀ ਕਾਰਨ ਸੀ ਕਿ ਗੋਲ ਮੇਜ਼ ਕਾਨਫ੍ਰੇਂਸ ਸਮੇਂ ਉਨ੍ਹਾਂ ਦਲਿਤਾਂ ਲਈ ਵਖਰੇ ਪ੍ਰਤੀਨਿਧਿਤਵ ਦੀ ਗੱਲ ਕੀਤੀ ਜੋ ਬ੍ਰਿਟਿਸ਼ ਸਰਕਾਰ ਵੱਲੋਂ ਮੰਨੇ ਜਾਣ ਕਰਕੇ ਗਾਂਧੀ ਜੀ ਨੇ ਉਸ ਦੇ ਵਿਰੁੱਧ ਉਪਵਾਸ ਸ਼ੁਰੂ ਕੀਤਾ ਅਤੇ ਪਰਿਣਾਮ ਸ੍ਰੂਪ ਪੂਨਾ ਪੈਕਟ ਹੋਂਦ ਵਿਚ ਆਇਆ। ਪੂਨਾ ਪੈਕਟ ਦੇ ਸਮੇਂ ਹੀ ਬੰਬਈ ਦੀ ਇਕ ਸਭਾ ਵਿਚ ਹਿੰਦੂ ਨੇਤਾਵਾਂ ਨੇ ਅਸਪ੍ਰਸਤਾ (ਛੂਤ ਛਾਤ) ਨਿਵਾਰਣ ਲਈ

ਅੰਦੋਲਨ ਪ੍ਰਾਰੰਭ ਕਰਨ ਦਾ ਐਲਾਨ ਕੀਤਾ - ਇਸ ਆਂਦੋਲਨ ਤਹਿਤ ਅਸਪ੍ਰਸ਼ਤਾ ਨਿਵਾਰਕ ਸੰਘ ਜੋ ਅੱਗੇ ਜਾ ਕੇ ਹਰਿਜਨ ਸੇਵਕ ਸੰਘ ਕਹਿਲਾਯਾ ਦਾ ਜਨਮ ਹੋਇਆ - ਪਰ ਇਸ ਸੰਘ ਨੇ ਛੂਤ ਛਾਤ ਦੇ ਵਿਰੁੱਧ ਜੋਰਦਾਰ ਅੰਦੋਲਨ ਨ ਕਰਕੇ ਕੇਵਲ ਅਛੂਤਾਂ ਨੂੰ ਪੜ੍ਹਾਈ ਯਾ ਕੋਈ ਹੁਨਰ ਸਿਖਾਏ ਜਾਣ ਤਕ ਹੀ ਆਪਣੇ ਆਪ ਨੂੰ ਸੀਮਤ ਰੱਖਿਆ। ਦੂਜੇ ਪਾਸੇ ਅਛੂਤ ਉੱਧਾਰ ਅੰਦੋਲਨ ਦੇ ਮਹਾਨ ਨੇਤਾ ਗਾਂਧੀ ਜੀ ਨੇ ਜਨਮ ਅਨੁਸਾਰ ਵਰਣ ਵਿਵਸਥਾ ਦਾ ਪ੍ਰਤਿਪਾਦਨ ਕਰਨਾ ਸ਼ੁਰੂ ਕੀਤਾ ਜਿਸ ਦੇ ਤਹਿਤ ਅਛੂਤਾਂ ਨੂੰ ਹਿੰਦੂ ਸਮਾਜ ਵਿਚ ਅਸਪ੍ਰਸ਼ ਅਤੀ ਸ਼ੂਦਰ ਦੇ ਬਜਾਏ ਸਪ੍ਰਸ ਅਤੀ ਸ਼ੂਦਰ ਦਾ ਦਰਜਾ ਦਿੱਤਾ ਜਾ ਰਿਹਾ ਸੀ - ਇਸੇ ਦੇ ਖਿਲਾਫ ਡਾ੦ ਅੰਬੇਡਕਰ ਨੂੰ ਵਰਣ ਵਿਵਸਥਾ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ - ਇਸ ਆਵਾਜ਼ ਨੂੰ ਗਾਂਧੀ ਜੀ ਨੇ ਹਿੰਦੂ ਧਰਮ ਦੇ ਵਿਰੁਧ ਮੰਨਿਆ - ਇਹੀ ਕਾਰਨ ਸੀ ਕਿ ਡਾ੦ ਅੰਬੇਡਕਰ ਜੀ ਨੇ 13 ਅਕਤੂਬਰ 1935 ਨੂੰ ਯੇਵਲਾ ਕਾਂਨਫ੍ਰੇਂਸ ਵਿਚ ਪਹਿਲੀ ਵਾਰ ਨਿਸ਼ਚਤ ਤੌਰ ਉਤੇ ਧਰਮ ਪਰਿਵਰਤਨ ਦਾ ਐਲਾਨ ਕਰਦੇ ਹੋਇਆ ਕਿਹਾ - 'ਬਦਕਿਸਮਤੀ ਨਾਲ ਮੈਂ ਅਛੂਤ ਪੈਦਾ ਹੋਇਆ ਹਾਂ, ਇਹ ਮੇਰੇ ਵੱਸ ਦੀ ਗੱਲ ਨਹੀਂ ਸੀ, ਪਰ ਹਿੰਦੂ ਸਮਾਜ ਵਿਚ ਬਣੇ ਰਹਿਣਾ ਤੋਂ ਇਨਕਾਰ ਕਰਨਾ ਮੇਰੇ ਵੱਸ ਦੀ ਗੱਲ ਹੈ - ਅਤੇ ਮੈਂ ਆਪ ਸਭਨਾ ਨੂੰ ਆਸ਼ਵਾਸਨ ਦੇਂਦਾ ਹਾਂ ਕਿ ਮਰਨ ਵੇਲੇ ਮੈਂ ਹਿੰਦੂ ਨਹੀਂ ਰਵ੍ਹਾਂਗਾ' ।

ਡਾ੦ ਅੰਬੇਡਕਰ ਜੀ ਨੇ ਉਪਰੋਕਤ ਐਲਾਨ ਕਰਨ ਤੋਂ ਪਹਿਲਾਂ ਕਿਹਾ ਕਿ - 'ਅਸਾਂ ਹਿੰਦੂ ਸਮਾਜ ਵਿਚ ਸਮਾਨਤਾ ਦਾ ਦਰਜਾ ਹਾਸਲ ਕਰਨ ਵਾਸਤੇ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ, ਅੰਦੋਲਨ ਕੀਤੇ ਸਤਿਆਗ੍ਰਹਿ ਕੀਤੇ ਸਭ ਬੇਕਾਰ। ਸਾਨੂੰ ਵਿਸ਼ਵਾਸ ਹੋ ਗਿਆ ਹੈ ਕਿ ਹਿੰਦੂ ਸਮਾਜ ਵਿਚ ਸਮਾਨਤਾ ਲਈ ਕੋਈ ਥਾਂ ਨਹੀਂ ਹੈ। ਹਿੰਦੂ ਧਰਮ ਦਾ ਤਿਆਗ ਕਰਨ ਵਿਚ ਹੀ ਸਾਡਾ ਉਧਾਰ ਹੈ ਹੋਰ ਕੋਈ ਰਾਹ ਨਹੀਂ ਬੱਚਿਆ' ।

ਡਾ੦ ਅੰਬੇਡਕਰ ਦੇ ਧਰਮ ਪਰਿਵਰਤਨ ਦੀ ਘੋਸ਼ਣਾ ਨਾਲ ਭਾਰਤ ਦੇ ਸਮਾਜਕ, ਧਾਰਮਕ ਅਤੇ ਰਾਜਨੀਤਕ ਹਲਕਿਆਂ ਵਿਚ ਸਨਸਨੀ ਫੈਲ ਗਈ। ਗਾਂਧੀ ਜੀ, ਕਾਂਗ੍ਰੇਸ ਦੇ ਪ੍ਰਧਾਨ ਡਾ੦ ਰਾਜਿੰਦਰ ਪ੍ਰਸਾਦਿ, ਵੀਰ ਸਾਰਵਰਕਰ ਆਦਿ ਨੇਤਾਵਾਂ ਨੇ ਅਫਸੋਸ ਜਾਹਰ ਕੀਤਾ - ਵੈਸੇ ਇਹ

ਸਾਰੇ ਨੇਤਾ ਹੋਰ ਕਰ ਵੀ ਕੀ ਸਕਦੇ ਸਨ ?

ਡਾ੦ ਅੰਬੇਡਕਰ ਲਗਭਗ ਸਾਰੇ ਹੀ ਧਰਮਾਂ ਦੀ ਸਮਾਜਕ ਹਾਲਤ ਤੋਂ ਜਾਣੂ ਸਨ - ਦੂਜੇ ਧਰਮਾਂ ਵਿਚ ਵੀ ਜਾਤ ਪਾਤ ਦੇ ਕੁਝ ਭਾਵ ਤਾਂ ਸਨ ਪਰ ਉਹ ਹਾਲਾਤ ਕਰ ਕੇ ਸਨ ਧਰਮ ਕਰ ਕੇ ਨਹੀਂ - ਜਦਕਿ ਹਿੰਦੂ ਧਰਮ ਵਿਚ ਛੂਤ-ਛਾਤ ਦਾ ਆਧਾਰ ਹਾਲਾਤ ਨਹੀਂ ਧਰਮ ਸੀ। ਇਹੋ ਹਿੰਦੂ ਧਰਮ ਅਤੇ ਦੂਜੇ ਧਰਮਾਂ ਵਿਚ ਮੌਲਿਕ ਅੰਤਰ ਸੀ ਅਤੇ ਇਸ ਗੱਲ ਨੂੰ ਡਾ੦ ਸਾਹਿਬ ਚੰਗੀ ਤਰ੍ਹਾਂ ਜਾਣਦੇ ਸਨ। ਪੂਨਾ ਵਿਖੇ 12 ਅਤੇ 13 ਜਨਵਰੀ 1936 ਵਿਚ ਪ੍ਰੋਫੈਸਰ ਐਨ. ਸ਼ਿਵਰਾਜ ਜੀ ਦੀ ਪ੍ਰਧਾਨਗੀ ਹੇਠ ਮਹਾਰਾਸ਼ਟਰ ਅਸਪ੍ਰਸ਼ਸ ਯੁਵਕ ਪਰਿਸ਼ਦ ਹੋਈ ਜਿਸ ਵਿਚ ਡਾ੦ ਅੰਬੇਡਕਰ ਨੇ ਕਿਹਾ 'ਯਦੀ ਸਾਕਸ਼ਾਤ ਈਸ਼ਵਰ ਭੀ ਆ ਕਰ ਰਹੇ ਕਿ ਹਿੰਦੂ ਧਰਮ ਕੋ ਮਤ ਛੋੜੋ, ਤੋਂ ਮੈਂ ਉਨ ਕੀ ਭੀ ਨਹੀਂ ਸੁਨੂੰਗਾ।

ਹਿੰਦੂ ਧਰਮ ਨੂੰ ਛੱਡਣ ਦਾ ਫੈਸਲਾ ਕਰਨ ਵਾਲੇ ਡਾ੦ ਅੰਬੇਡਕਰ ਨੇ ਹਿੰਦੂ ਧਰਮ ਵਿਚ ਸੁਧਾਰ ਲਈ ਹੇਠ ਲਿਖੀਆਂ ਤਿੰਨ ਗੱਲਾਂ ਉਤੇ ਜੋਰ ਦਿੱਤਾ ਸੀ।

1. ਹਿੰਦੂ ਧਰਮ ਦੀ ਇਕ ਤੇ ਕੇਵਲ ਇਕੋ ਇਕ ਪ੍ਰਮਾਣਿਕ ਪੁਸਤਕ ਹੋਣੀ ਚਾਹੀਦੀ ਹੈ ਜੇੜ੍ਹੀ ਸਾਰੇ ਹਿੰਦੂਆਂ ਦੇ ਸ੍ਵੀਕਾਰ ਕਰਨਯੋਗ ਹੋਵੇ ਅਤੇ ਸਾਰੇ ਹਿੰਦੂ ਉਸ ਨੂੰ ਮੰਨਣ ਜਿਸ ਤਰ੍ਹਾਂ ਕਿ ਸਾਰੇ ਹੀ ਮੁਸਲਮਾਨਾਂ ਲਈ ਇਕ ਕੁਰਾਨ, ਸਾਰੇ ਹੀ ਸਿੱਖਾਂ ਲਈ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਰੇ ਹੀ ਇਸਾਈਆਂ ਲਈ ਇਕ ਬਾਈਬਲ ਹੈ, ਜਿਨ੍ਹਾਂ ਨੂੰ ਉਹ ਸਾਰੇ ਮੰਨਦੇ ਹਨ।

2. ਪੁਰੋਹਿਤ ਯਾ ਪੁਜਾਰੀ ਦਾ ਪੇਸ਼ਾ ਵੰਸ਼ - ਪਰੰਪਰਾਗਤ ਨ ਰਹਿਣ ਦਿੱਤਾ ਜਾਵੇ। ਆਪਣੇ ਨੂੰ ਹਿੰਦੂ ਮੰਨਣ ਵਾਲੇ ਹਰ ਬੰਦੇ ਨੂੰ ਪੁਰੋਹਿਤ ਬਣਨ ਦਾ ਅਧਿਕਾਰ ਹੋਵੇ ਅਤੇ ਇਹ ਕਾਨੂੰਨ ਹੋਵੇ ਕਿ ਕੋਈ ਵੀ ਤਦ ਤਕ ਪੁਰੋਹਿਤ ਨਹੀਂ ਬਣ ਸਕੇਗਾ ਜਦ ਤਕ ਪੁਰੋਹਿਤ ਦਾ ਕੰਮ ਕਰਨ ਲਈ ਸਰਕਾਰ ਵੱਲੋਂ ਮਨੋਨੀਤ ਇਮਤਿਹਾਨ ਪਾਸ ਨਹੀਂ ਕਰ ਲੈਂਦਾ ਅਤੇ ਜਦ ਤਕ ਪਰੋਹਤਾਈ ਲਈ ਸਰਕਾਰ ਵੱਲੋਂ ਸਨਦ ਨਹੀਂ ਮਿਲ ਜਾਂਦੀ।

3. ਜਿਸ ਪੁਰੋਹਿਤ ਕੋਲ ਸਨਦ (ਪ੍ਰਮਾਣ ਪੱਤਰ) ਨ ਹੋਵੇ ਉਸ ਦਾ ਕਰਾਯਾ ਹੋਇਆ

ਕੋਈ ਵੀ ਸੰਸਕਾਰ ਕਾਨੂੰਨੀ ਨ ਮੰਨਿਆ ਜਾਵੇ - ਜਿਸ ਦੇ ਪਾਸ ਸਨਦ ਨ ਹੋਵੇ ਉਸ ਲਈ ਪੁਰੋਹਿਤ ਦਾ ਕੰਮ ਕਰਨਾ ਦੰਡਨੀਯ ਠਹਿਰਾਯਾ ਜਾਵੇ ।

ਡਾ੦ ਅੰਬੇਡਕਰ ਦੇ ਉਪਰੋਕਤ ਵਿਚਾਰ ਲਈ ਗਾਂਧੀ ਜੀ ਨੇ 11 ਜੁਲਾਈ 1936 ਦੇ ਆਪਣੇ ਅਖ਼ਬਾਰ ਹਰੀਜਨ ਵਿਚ ਲਿਖਿਆ ਸੀ - 'ਡਾ੦ ਅੰਬੇਡਕਰ ਹਿੰਦੂ ਧਰਮ ਲਈ ਇਕ ਲਲਕਾਰ ਹੈ' ।

ਧਰਮ ਪਰਿਵਰਤਨ ਤੋਂ ਪਹਿਲਾਂ ਡਾ੦ ਅੰਬੇਡਕਰ ਦਾ ਝੁਕਾਵ ਸਿੱਖ ਧਰਮ ਵੱਲ ਹੋ ਰਿਹਾ ਸੀ - ਉਹ ਅੰਮ੍ਰਿਤਸਰ ਵਿਖੇ ਸਿੱਖ ਕਾਂਨਫ੍ਰੇਂਸ ਵਿਚ ਸ਼ਾਮਲ ਵੀ ਹੋਏ ਸੀ ਪਰ ਤਦ ਤਕ ਉਹ ਕਿਸੇ ਨਿਸ਼ਚੇ ਉਤੇ ਨਹੀਂ ਸਨ ਪਹੁੰਚੇ । ਧਰਮ ਪਰਿਵਰਤਨ ਦੇ ਸੁਾਲ ਉਤੇ ਉਹ ਆਪਣੀ ਮਹਾਰ ਜਾਤੀ ਤੇ ਲੋਗਾਂ ਦੇ ਵਿਚਾਰ ਜਾਣਨਾ ਚਾਹੁੰਦੇ ਸਨ ਇਸ ਕਰਕੇ ਉਨ੍ਹਾਂ ਨੇ 30-31 ਮਈ 1936 ਨੂੰ ਬੰਬਈ ਵਿਖੇ ਮਹਾਰ ਜਾਤੀ ਦੀ ਪਰਿਸ਼ਦ ਦਾ ਆਯੋਜਨ ਕੀਤਾ । ਇਸ ਪਰਿਸ਼ਦ ਵਿਚ ਡਾ੦ ਸਾਹਿਬ ਨੇ ਕਿਹਾ - 'ਜਿਸ ਧਰਮ ਦੇ ਕਾਰਨ ਤੁਹਾਨੂੰ ਥੱਲੇ ਦਾ ਦਰਜਾ ਦਿੱਤਾ ਗਿਆ ਹੈ ਉਹ ਧਰਮ ਉਸ ਉਪਰਲੇ ਵਰਗ ਦੇ ਮਤ ਅਨੁਸਾਰ ਸਨਾਤਨ ਹੈ - ਤੁਹਾਨੂੰ ਹਮੇਸ਼ਾ ਥੱਲੇ ਹੀ ਰਹਿਣਾ ਪਵੇਗਾ । ਇਸ ਬੇਇਨਸਾਫੀ ਦਾ ਮੁਕਾਬਲਾ ਤੁਸੀਂ ਨਹੀਂ ਕਰ ਸਕਦੇ ਕਿਉਂਕਿ ਤੁਹਾਡੇ ਪਾਸ ਨ ਮਨੁੱਖੀ ਤਾਕਤ ਹੈ, ਨਾ ਹੀ ਆਰਥਕ ਤਾਕਤ ਅਤੇ ਨਾ ਹੀ ਮਾਨਸਿਕ ਤਾਕਤ ਹੈ । ਵਸੀਲਿਆਂ ਬਿਨਾਂ ਮੁਕਾਬਲਾ ਹੋ ਨਹੀਂ ਸਕਦਾ ਅਤੇ ਵਸੀਲੇ ਤੁਹਾਡੇ ਪਾਸ ਹੈਣ ਹੀ ਨਹੀਂ । ਇਹ ਵਸੀਲੇ ਤੁਹਾਨੂੰ ਬਾਹਰੋਂ ਹੀ ਕੱਠੇ ਕਰਨੇ ਪੈਣਗੇ । ਧਰਮ ਪਰਿਵਰਤਨ ਕੀਤੇ ਬਗੈਰ ਦੂਜੇ ਸਮਾਜ ਦੀ ਤਾਕਤ ਅਤੇ ਵਸੀਲੇ ਵੀ ਤੁਹਾਨੂੰ ਨਹੀਂ ਮਿਲ ਸਕਦੇ ।

ਹਿੰਦੂ ਧਰਮ ਵਿਚ ਵਿਅਕਤੀ ਦੀ ਕੋਈ ਥਾਂ ਨਹੀਂ ਹੈ ਹਿੰਦੂ ਧਰਮ ਦੀ ਰਚਨਾ ਵਰਗ ਕਲਪਨਾ ਉਤੇ ਆਧਾਰਤ ਹੈ - ਇਕ ਬੰਦਾ ਦੂਜੇ ਬੰਦੇ ਨਾਲ ਕਿਸ ਤਰ੍ਹਾਂ ਵਿਓਹਾਰ ਕਰੇ ਇਸ ਦੀ ਸਿਖਿਆ ਹਿੰਦੂ ਧਰਮ ਵਿਚ ਨਹੀਂ ਹੈ ਪਰ ਇਕ ਵਰਗ ਦੂਜੇ ਵਰਗ ਨਾਲ ਕਿਸ ਤਰ੍ਹਾਂ ਵਿਓਹਾਰ ਕਰੇ ਇਸ ਦਾ ਬੰਧਨ ਹਿੰਦੂ ਧਰਮ ਵਿਚ ਹੈ ।

ਜਿਸ ਧਰਮ ਵਿਚ ਇਕ ਵਰਗ ਵਿਦਿਆ ਅਧਿਐਨ ਕਰੇ, ਦੂਜਾ ਵਰਗ ਸ਼ਸਤਰ ਧਾਰਣ,

ਕਰੇ ਤੀਜਾ ਵਿਉਪਾਰ ਕਰੇ ਅਤੇ ਚੌਥਾ ਕੇਵਲ ਸਭਨਾ ਦੀ ਸੇਵਾ ਹੀ ਕਰੇ ਇਹੋ ਜਿਹਾ ਧਰਮ ਸਾਨੂੰ ਸ੍ਵੀਕਾਰ ਨਹੀਂ ਹੋਣਾ ਚਾਹੀਦਾ ।

ਅੰਬੇਡਕਰ ਜੀ ਨੇ ਸਾਰੇ ਅਛੂਤ ਸਮਝੇ ਜਾਣ ਵਾਲਿਆਂ ਨੂੰ ਸਪਸ਼ਟ ਰੂਪ ਵਿਚ ਸਮਝਾਇਆ ਕਿ ਹਿੰਦੂ ਧਰਮ ਮੇਰੇ ਸ੍ਵਾਭਿਮਾਨ ਨੂੰ ਨਹੀਂ ਭਾਉਂਦਾ ਕਿਉਂਕਿ ਮਨੁੱਖ ਧਰਮ ਦੇ ਲਈ ਨਹੀਂ ਹੈ, ਬਲਕਿ ਧਰਮ ਮਨੁੱਖਾ ਵਾਸਤੇ ਹੈ । ਜੇੜ੍ਹਾ ਧਰਮ ਤੁਹਾਡੀ ਮਨੁੱਖਤਾ ਦਾ ਕੋਈ ਮੁਲ ਨਹੀਂ ਪਾਂਦਾ ਉਸ ਧਰਮ ਵਿਚ ਰਹਿਣ ਦਾ ਕੀ ਲਾਭ ਹੈ ? ਜੋ ਧਰਮ ਤੁਹਾਨੂੰ ਹੱਥ ਲਾਉਣ ਤੇ ਭਿਟ ਜਾਦਾ ਹੈ, ਜੋ ਧਰਮ ਤੁਹਾਨੂੰ ਪਾਣੀ ਤਕ ਨਹੀਂ ਪੀਣ ਦੇਂਦਾ, ਜੋ ਧਰਮ ਤੁਹਾਡੀ ਸਿਕਸ਼ਾ ਵਿਚ ਰੁਕਾਵਟ ਹੈ, ਜਿਸ ਧਰਮ ਦੇ ਮੰਦਰਾਂ ਵਿਚ ਤੁਸੀਂ ਨਹੀਂ ਜਾ ਸਕਦੇ, ਜੋ ਧਰਮ ਤੁਹਾਨੂੰ ਨੌਕਰੀਆਂ ਤੋਂ ਵਾਝਿਆਂ ਰੱਖਦਾ ਹੈ ਤੁਹਾਨੂੰ ਨੀਵਾਂ ਮੰਨਦਾ ਹੈ ਤੁਹਾਨੂੰ ਅਪਵਿਤ੍ਰ ਮੰਨਦਾ ਹੈ - ਅਜਿਹੇ ਧਰਮ ਨਾਲ ਜੁੜੇ ਰਹਿਣਾ ਬੇਵਕੂਫੀ ਤੋਂ ਛੁੱਟ ਹੋਰ ਕੁਝ ਵੀ ਨਹੀਂ ।

ਡਾ० ਅੰਬੇਡਕਰ ਜੀ ਨੇ ਆਪਣੇ ਅਨੁਯਾਈਆਂ ਨੂੰ ਖ਼ਾਸ ਤੌਰ ਤੇ ਇਹ ਵੀ ਕਿਹਾ ਕਿ ਜੇ ਧਰਮ ਪਰਿਵਰਤਨ ਤੁਹਾਡੀ ਸਮਝ ਵਿਚ ਆਉਂਦਾ ਹੈ ਤਾਂ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਤੁਸੀਂ ਉਸੇ ਹੀ ਧਰਮ ਨੂੰ ਅਪਨਾਓ ਜੋ ਤੁਹਾਡੇ ਲਈ ਸਾਰਥਕ ਹੋਵੇ - ਅੱਖਾਂ ਬੰਦ ਕਰਕੇ ਧਰਮ ਪਰਿਵਰਤਨ ਨਹੀਂ ਕਰਨਾ ।

ਇਸ ਕਾਂਨਫ੍ਰੇਂਸ ਵਿਚ ਸਿਧਾਂਤ ਰੂਪ ਵਿਚ ਧਰਮ ਪਰਿਵਰਤਨ ਦਾ ਪ੍ਰਸਤਾਵ ਪਾਸ ਕੀਤਾ ਗਿਆ ।

## ਜਿਮੇਵਾਰੀ ਦਾ ਬੋਧ - ਝੁਕਾਓ ਸਿੱਖ ਧਰਮ ਵੱਲ ਵੀ

ਡਾ० ਅੰਬੇਡਕਰ ਜੀ ਨੇ ਸਿੱਖ, ਇਸਲਾਮ, ਈਸਾਈ, ਬੌਧੀ ਆਦਿ ਸਾਰੇ ਧਰਮਾਂ ਦੇ ਪ੍ਰਤਿਨਿਧੀਆਂ ਨਾਲ ਗੱਲ ਬਾਤ ਕੀਤੀ ਪਰ ਉਨ੍ਹਾਂ ਨੇ ਸਭਨਾ ਨੂੰ ਇਹੋ ਉਤਰ ਦਿੱਤਾ ਕਿ ਅਜੇ ਕੁਝ ਨਿਸ਼ਚਿਤ ਨਹੀਂ ਹੈ - ਉਹ ਤਾਂ ਸਭਨਾਂ ਨੂੰ ਆਜਮਾ ਰਹੇ ਸਨ - ਪਰ ਇਕ ਗੱਲ ਨਿਸ਼ਚਿਤ

ਸੀ ਕਿ ਧਰਮ ਪਰਿਵਰਤਨ ਬਾਰੇ ਮੰਨ ਬਨਾਉਣ ਦੇ ਬਾਵਜੂਦ ਉਹ ਹਿੰਦੂ ਧਰਮ ਪ੍ਰਤੀ ਆਪਣੀ ਜ਼ਿੰਮੇਵਾਰੀ ਵੀ ਸਮਝਦੇ ਸਨ - ਬਦਲੇ ਦੀ ਭਾਵਨਾ ਉਨਾਂ ਵਿਚ ਬਿਲਕੁਲ ਨਹੀਂ ਸੀ - ਤਾਹਿਉਂ ਤੇ ਉਹ ਇਸ ਤਰ੍ਹਾਂ ਸੋਚਦੇ ਸਨ ਕਿ ਇਸਲਾਮ ਯਾ ਇਸਾਈ ਧਰਮ ਧਾਰਣ ਕਰਨ ਨਾਲ ਦਲਿਤਾਂ ਦੀ ਰਾਸ਼ਟ੍ਰੀਯਤਾ ਵਿਚ ਫਰਕ ਪੈ ਜਾਵੇਗਾ - ਜੇ ਇਸਲਾਮ ਧਰਮ ਕਬੂਲ ਕੀਤਾ ਤਾਂ ਇਸ ਦੇਸ਼ ਵਿਚ ਮੁਸਲਮਾਨਾਂ ਦੀ ਗਿਨਤੀ ਦੁਗਣੀ ਹੋ ਜਾਵੇਗੀ ਅਤੇ ਮੁਸਲਮਾਲ ਰਾਜ ਸੱਤਾ ਲਈ ਖਤਰਾ ਬਣ ਸਕਦੇ ਹਨ । ਜੇ ਇਸਾਈ ਧਰਮ ਨੂੰ ਅਪਨਾਯਾ ਤਾਂ ਇਸਾਈਆਂ ਦੀ ਗਿਨਤੀ ਵੱਧਣ ਨਾਲ ਬ੍ਰਿਟਿਸ਼ ਸ਼ਾਸਨ ਹੋਰ ਮਜ਼ਬੂਤ ਹੋ ਸਕਦਾ ਹੈ - ਪਰ ਜੇ ਸਿੱਖ ਧਰਮ ਗ੍ਰਹਿਣ ਕਰਦੇ ਹਾਂ ਤਾਂ ਰਾਸ਼ਟ੍ਰੀਯਤਾ ਅਤੇ ਸੰਸਕ੍ਰਿਤੀ ਵਿਚ ਕਿਸੇ ਪ੍ਰਕਾਰ ਦਾ ਕੋਈ ਫਰਕ ਨਹੀਂ ਪੈਣ ਵਾਲਾ । ਸੋ ਝੁਕਾਓ ਤਾਂ ਸਿੱਖ ਧਰਮ ਅਪਨਾਉਣ ਵਲ ਹੀ ਸੀ, ਇਸ ਕਰਕੇ ਸਿੱਖ ਮਿਸ਼ਨ ਨਾਲ ਉਨ੍ਹਾਂ ਦੀ ਕਾਫੀ ਗਲਬਾਤ ਵੀ ਹੋਈ ਪਰ ਡਾ੦ ਅੰਬੇਡਕਰ ਨੇ ਪੂਰੀ ਤਰ੍ਹਾਂ ਪ੍ਰਵਾਨਗੀ ਨਹੀਂ ਦਿੱਤੀ - ਗੱਲਬਾਤ ਦਾ ਨਤੀਜਾ ਇਹ ਜ਼ਰੂਰ ਨਿਕਲਿਆ ਕਿ ਕੁਝ ਕੁ ਦਲਿਤ, ਸਿੱਖ ਬਣ ਗਏ - ਬੰਬਈ ਵਿਚ ਦਲਿਤਾਂ ਲਈ ਖਾਲਸਾ ਕਾਲਜ ਦੀ ਸਥਾਪਨਾ ਵੀ ਹੋਈ, ਪਰ ਅੱਗੇ ਕੁਝ ਨਹੀਂ ਹੋਇਆ ਕਿਉਂਕਿ ਡਾ੦ ਅੰਬੇਡਕਰ ਨੇ ਸਿੱਖ ਧਰਮ ਅਪਨਾਉਣ ਦਾ ਇਰਾਦਾ ਛੱਡ ਦਿੱਤਾ ਸੀ ।

ਡਾ੦ ਅੰਬੇਡਕਰ ਦੇ ਧਰਮ ਪਰਿਵਰਤਨ ਦੀ ਘੋਸ਼ਣਾ ਦਾ ਇਕ ਚੰਗਾ ਸਿੱਟਾ ਇਹ ਵੀ ਨਿਕਲਿਆ ਕਿ ਮੈਸੂਰ ਦੇ ਰਾਜੇ ਨੇ ਐਲਾਨ ਕਰ ਦਿੱਤਾ ਕਿ ਦਰਬਾਰ ਦਸ਼ਹਿਰਾ ਮਹਾਂ ਉਤਸਵ ਵਿਚ ਦਲਿਤ ਵੀ ਸ਼ਾਮਲ ਹੋ ਸਕਣਗੇ । ਇਸ ਦੇ ਨਾਲ ਹੀ ਸਰ ਸੀ.ਪੀ. ਰਾਮਾਸ੍ਵਾਮੀ ਅਇਯਰ ਦੇ ਪ੍ਰਯਤਨਾਂ ਦੇ ਪਰਿਣਾਮ ਸ੍ਵਰੂਪ ਤ੍ਰਾਵਣਕੋਰ ਰਿਆਸਤ ਨੇ ਰਾਜ ਨਿਯੰਤ੍ਰਿਤ ਸੈਕੜੇ ਮੰਦਰਾਂ ਦੇ ਦਰਵਾਜੇ ਅਛੂਤਾਂ ਲਈ ਖੋਲ ਦਿੱਤੇ ।

## ਮਜ਼ਦੂਰਾਂ ਦਾ ਪਥ ਪ੍ਰਦਰਸ਼ਕ

1935 ਦੇ ਭਾਰਤੀ ਕਾਨੂੰਨ ਅਨੁਸਾਰ 1937 ਵਿਚ ਪ੍ਰਾਂਤੀਯ ਖੁਦ ਮੁਖ਼ਤਿਆਰ ਸ਼ਾਸਨ

ਪ੍ਰਣਾਲੀ ਪ੍ਰਚਲਤ ਹੋਣ ਵਾਲੀ ਸੀ ਜਿਸ ਦੇ ਲਈ ਚੁਨਾਵੀ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ । ਡਾ੦ ਅੰਬੇਡਕਰ ਨੇ 1936 ਵਿਚ ਸੁਤੰਤਰ ਮਜ਼ਦੂਰ ਦਲ ਦੀ ਸਥਾਪਨਾ ਕੀਤੀ । ਇਹ ਦੱਲ ਸਿਰਫ ਦਲਿਤਾਂ ਤਕ ਹੀ ਸੀਮਿਤ ਨਹੀਂ ਸੀ ਬਲਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਸੱਲਿਆ ਨੂੰ ਹਲ ਕਰਨ ਲਈ ਵੀ ਸੀ । ਮਿਲ ਮਜ਼ਦੂਰਾਂ ਦੇ ਹਾਲਾਤ ਤੋਂ ਡਾ੦ ਸਾਹਿਬ ਚੰਗੀ ਤਰ੍ਹਾਂ ਵਾਕਫ ਸਨ । ਸੋ ਉਹ ਸਮਾਜ ਦੇ ਹਰ ਨੀਵੇਂ ਵਰਗ ਨੂੰ ਬਰਾਬਰੀ ਦਾ ਦਰਜਾ ਦਿਵਾਉਣਾ ਚਾਹੁੰਦੇ ਸਨ ।

ਇੰਡਸਟ੍ਰਿਅਲ ਵਿਵਾਦ ਬਿਲ ਦੇ ਅਨੁਸਾਰ ਮਜ਼ਦੂਰਾਂ ਦੇ ਹੜਤਾਲ ਕਰਨ ਦੇ ਅਧਿਕਾਰ ਨੂੰ ਕੁਝ ਖਾਸ ਪ੍ਰਸਥਿਤੀਆਂ ਵਿਚ ਅਵੈਧ ਘੋਸ਼ਿਤ ਕਰਨ ਦਾ ਅਧਿਕਾਰ ਸਰਕਾਰ ਨੂੰ ਪ੍ਰਾਪਤ ਸੀ । ਇਸ ਦੇ ਵਿਰੋਧ ਵਿਚ ਡਾ੦ ਜੀ ਨੇ ਸੁਤੰਤਰ ਮਜ਼ਦੂਰ ਦਲ ਅਤੇ ਬੰਬਈ ਪ੍ਰਾਂਤੀਯ ਟ੍ਰੇਡ ਯੂਨੀਅਨ ਕਾਂਗ੍ਰਸ ਦੀ 7 ਨਵੰਬਰ 1938 ਨੂੰ ਇਕ ਦਿਨ ਦੀ ਹੜਤਾਲ ਸਰਕਾਰੀ ਵਿਰੋਧ ਦੇ ਬਾਵਜੂਦ ਸਫਲਤਾ ਪੂਰਵਕ ਕਰ ਕੇ ਵਿਖਾਈ । ਇਸ ਸਫਲ ਹੜਤਾਲ ਕਰਕੇ ਡਾ੦ ਅੰਬੇ ਡਕਰ ਪੂਰੀ ਤਰ੍ਹਾਂ ਮਜਦੂਰਾਂ ਦੇ ਵੀ ਨੇਤਾ ਜਾਣੇ ਜਾਣ ਲਗ ਪਏ ।

ਰੇਲਵੇ ਵਿਚ ਪੋਰਟਰ, ਮਿਲਾਂ ਵਿਚ ਬੁਣਾਈ ਦੇ ਕੰਮ ਲਈ ਅਛੂਤਾਂ ਨੂੰ ਨੌਕਰੀ ਨਹੀਂ ਸੀ ਦਿੱਤੀ ਜਾਂਦੀ ਕਿਉਂਕਿ ਅਫਸਰ ਪੋਰਟਰਾਂ ਕੋਲੋਂ ਘਰ ਦੇ ਕੰਮ ਵੀ ਕਰਵਾਂਦੇ ਸਨ । ਡਾ੦ ਅੰਬੇ ਡਕਰ ਜੀ ਨੇ ਇਸ ਨਾਇਨਸਾਫੀ ਦੇ ਵਿਰੁੱਧ ਡਟ ਕੇ ਆਵਾਜ ਬੁਲੰਦ ਕੀਤੀ - ਮਨਮਾੜ ਵਿਖੇ ਰੇਲਵੇ ਸਟੇਸ਼ਨ ਦੇ ਮਜ਼ਦੂਰਾਂ ਦੀ ਸਭਾ ਵਿਚ ਡਾ੦ ਸਾਹਿਬ ਨੇ ਕਿਹਾ -

'ਬ੍ਰਾਹਮਣਵਾਦ ਅਤੇ ਪੂੰਜੀਵਾਦ ਦੋਵੇਂ ਮਜ਼ਦੂਰਾਂ ਦੇ ਦੁਸ਼ਮਨ ਹਨ ਕਿਉਂਕਿ ਇਹ ਦੋਵੇਂ ਬਰਾਬਰੀ, ਆਜ਼ਾਦੀ ਅਤੇ ਭਾਈ ਚਾਰੇ ਦੇ ਵਿਰੋਧੀ ਹਨ ।

2 ਜੁਲਾਈ 1942 ਨੂੰ ਵਾਇਸਰਾਏ ਨੇ ਡਾ੦ ਅੰਬੇਡਕਰ ਜੀ ਨੂੰ ਆਪਣੀ ਕਾਰਜਕਾਰਣੀ ਸਮਿਤੀ ਦਾ ਮੈਂਬਰ ਮੁਕਰਰ ਕੀਤਾ ਅਤੇ ਉਨ੍ਹਾਂ ਨੂੰ ਸ਼੍ਰਮ ਵਿਭਾਗ ਸੋਪਿਆ ਗਿਆ । ਇਹ ਭਾਰਤ ਦੇ ਇਤਿਹਾਸ ਵਿਚ ਅਨੋਖੀ (ਅਭੂਤ-ਪੁਰਵ) ਘਟਨਾ ਸੀ - ਇਸ ਦੇ ਨਾਲ ਦਲਿਤ ਵਰਗ ਵਿਚ ਖ਼ੁਸ਼ੀ ਅਤੇ ਉਤਸ਼ਾਹ ਦਾ ਵਾਤਾਵਰਣ ਪੈਦਾ ਹੋਇਆ । ਡਾ੦ ਸਾਹਿਬ ਸ਼੍ਰਮ ਮੈਂਬਰ ਦੀ ਹੈਸਿਅਤ

ਵਿਚ ਮਜ਼ਦੂਰਾਂ ਦੀ ਭਲਾਈ ਲਈ ਉਹ ਸਾਰਾ ਕੁਝ ਕਰਨਾ ਚਾਹੁੰਦੇ ਸਨ ਜਿਤਨਾ ਕੁਝ ਵੀ ਉਨ੍ਹਾਂ ਦੀ ਪਾਵਰ ਵਿਚ ਸੀ। ਇਸ ਪਦਵੀ ਉਤੇ ਨਿਯੁਕਤੀ ਦੇ ਬਾਵਜੂਦ ਉਹ ਸਰਕਾਰ ਦੇ ਵਿਰੁੱਧ ਕਦੀ ਦੱਬੀ ਜ਼ੁਬਾਨ ਵਿਚ ਨਹੀਂ ਬੋਲੇ। ਮਜ਼ਦੂਰਾਂ ਲਈ ਹਰ ਰਾਜਨੀਤਕ ਲਾਭ ਪ੍ਰਾਪਤੀ ਲਈ ਆਲ ਇੰਡੀਆ ਸੈਡੂਲਡ ਕਾਸਟ ਫੈਡਰੇਸ਼ਨ ਨੂੰ ਨਿਰਦੇਸ਼ ਵੀ ਦੇਂਦੇ ਰਹੇ।

## ਜਨਮ ਦਿਵਸ ਨ ਮਨਾਉਣ ਬਾਰੇ ਡਾ੦ ਸਾਹਿਬ ਦੇ ਵਿਚਾਰ

ਸੁਤੰਤਰ ਮਜ਼ਦੂਰ ਦਲ ਨੇ ਕਈ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਬੰਬਈ ਵਿਚ 14 ਅਪ੍ਰੈਲ 1942 ਨੂੰ ਬਾਬਾ ਸਾਹਿਬ ਡਾ੦ ਅੰਬੇਡਕਰ ਜੀ ਦਾ 50 ਵਾਂ ਜਨਮ ਦਿਵਸ ਸੂਰਣ ਜੈਯੰਤੀ ਉਤਸਵ ਧੂਮ ਧਾਮ ਨਾਲ ਮਨਾਯਾ ਕਿਉਂਕਿ ਡਾ੦ ਅੰਬੇਡਕਰ ਦਲਿਤਾਂ ਦੇ ਬੇਤਾਜ ਬਾਦਸ਼ਾਹ ਸਨ। ਮਹਾਰਾਸ਼ਟਰ ਵਿਚ ਸਵਰਨ ਪੜ੍ਹੇ ਲਿਖੇ ਹਿੰਦੂਆਂ ਦਾ ਇਕ ਵਰਗ ਡਾ੦ ਸਾਹਿਬ ਦਾ ਪ੍ਰਸ਼ੰਸਕ ਰਿਹਾ ਹੈ ਸੋ ਇਸ ਤਰ੍ਹਾਂ ਦੀਆਂ ਸਭਾਵਾਂ ਵਿਚ ਸਵਰਣ ਹਿੰਦੂ ਸ੍ਰੋਤਿਆਂ ਅਤੇ ਬੁਲਾਰਿਆਂ ਦੇ ਰੂਪ ਵਿਚ ਸਦਾ ਸ਼ਾਮਲ ਹੁੰਦੇ ਸਨ। ਸੂਰਵਣ ਜਯੰਤੀ ਸਮਾਗਮ 9 ਦਿਨਾਂ ਤਕ ਬੰਬਈ ਦੇ ਵੱਖ-ਵੱਖ ਇਲਾਕਿਆਂ ਵਿਚ ਸਭਾਵਾਂ ਕਰਕੇ ਮਨਾਇਆ ਗਿਆ। ਚੋਪਾਟੀ ਵਿਖੇ ਇਕ ਬਹੁਤ ਵੱਡੀ ਸਭਾ ਡਾ੦ ਐਮ.ਆਰ. ਜਯੈਕਰ ਦੀ ਪ੍ਰਧਾਨਗੀ ਹੇਠ ਹੋਈ।

ਪਰੇਲ ਦੇ ਕਾਮਗਾਰ ਮੈਦਾਨ ਵਿਚ ਜੋ ਸਭਾ ਆਚਾਰੀਆਂ ਦੋਂਦੇ ਦੀ ਪ੍ਰਧਾਨਗੀ ਹੇਠ ਹੋਈ ਉਸ ਵਿਚ ਡਾ੦ ਅੰਬੇਡਕਰ ਨੇ ਕਿਹਾ, 'ਨੇਤਾ ਯੋਗ ਹੋਵੇ ਤਾਂ ਉਸ ਦੇ ਪ੍ਰਤੀ ਆਦਰ ਪ੍ਰਕਟ ਕਰਨ ਵਿਚ ਕੋਈ ਹਰਜ ਨਹੀਂ ਪਰ ਮਨੁੱਖ ਨੂੰ ਭਗਵਾਨ ਕਰ ਕੇ ਮੰਨਣਾ ਵਿਨਾਸ਼ਕਾਰੀ ਰਾਹ ਹੁੰਦੈ। ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਮੇਰਾ ਜਨਮ ਦਿਨ ਮਨਾਉਣਾ ਬੰਦ ਕੀਤਾ ਜਾਵੇ। ਉਨ੍ਹਾਂ ਇਸੇ ਸਭਾ ਵਿਚ ਇਹ ਵੀ ਕਿਹਾ ਕਿ ਦਲਿਤਾਂ ਦੇ ਹਾਲਾਤ ਵਿਚ ਕਾਫੀ ਸੁਧਾਰ ਹੋਇਆ ਹੈ ਪਰ ਅਜੇ ਕਾਫੀ ਕੁਝ ਹੋਣਾ ਬਾਕੀ ਹੈ। ਹਿੰਦੂ ਜਨਤਾ ਦਲਿਤਾਂ ਨੂੰ ਸਮਾਜਿਕ ਸਮਾਨਤਾ ਦੇ ਆਧਾਰ ਉਤੇ ਅਪਨਾਵੇ ਇਸ ਦੇ ਲਈ ਮੈਂ ਪ੍ਰਯਾਸ ਕਰਦਾ ਰਿਹਾ ਹਾਂ ਪੂਰੀ ਤਰ੍ਹਾਂ ਸਫਲਤਾ ਪ੍ਰਾਪਤ ਨਹੀਂ ਹੋਈ

- ਸੋ ਦਲਿਤਾਂ ਦਾ ਸੰਘਰਸ਼ ਚਲਦਾ ਰਵ੍ਹੇਗਾ ।

## ਸੰਘਰਸ਼ ਦੀ ਰਾਹ ਤੇ

ਡਾ੦ ਅੰਬੇਡਕਰ ਨੇ ਆਪਣੇ ਸਾਰੇ ਅਨੁਯਾਈਆਂ ਨੂੰ ਸੰਦੇਸ਼ ਦਿੱਤਾ ਕਿ ਤੁਸੀਂ ਆਪਣੇ ਵਿਰੁੱਧ ਹੋਣ ਵਾਲੇ ਹਰ ਇਕ ਅਨਿਆਏ ਅਤੇ ਜਿਆਦਤੀ ਦਾ ਮੁਕਾਬਲਾ ਡਟ ਕੇ ਕਰੋ ਪਰ ਕੋਸ਼ਿਸ਼ ਹੋਵੇ ਕਿ ਸੰਘਰਸ਼ ਅਹਿੰਸਕ ਹੀ ਰਵ੍ਹੇ ।

ਜੂਨ 1945 ਵਿਚ "What Congress & Gandhi have done to the untouchables ?" (ਕਾਂਗ੍ਰੇਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ) ਨਾਮਕ ਪੁਸਤਕ ਪ੍ਰਕਾਸ਼ਿਤ ਹੋਈ । ਇਸ ਵਿਚ ਡਾ੦ ਅੰਬੇਡਕਰ ਨੇ ਕਾਂਗ੍ਰੇਸ ਅਤੇ ਗਾਂਧੀ ਜੀ ਦੀ ਤਿਖੀ ਆਲੋਚਨਾ ਕੀਤਾ ਹੈ । ਇਸ ਪੁਸਤਕ ਵਿਚ ਖਾਸ ਕਰਕੇ ਅਛੂਤਾ ਅਤੇ ਵਿਦੇਸ਼ੀਆਂ ਲਈ ਡਾ੦ ਅੰਬੇਡਕਰ ਨੇ ਇਕ ਬੈਰਿਸਟਰ ਦੀ ਹੈਸਿਤ ਵਿਚ ਅਛੂਤਾਂ ਦੇ ਉਧਾਰ ਦਾ ਦਾਵਾ ਕਰਨ ਵਾਲੇ ਗਾਂਧੀ ਜੀ ਅਤੇ ਉਨ੍ਹਾਂ ਦੀ ਕਾਂਗ੍ਰਿਸ ਨੂੰ ਦੁਨੀਆਂ ਦੀ ਅਦਾਲਤ ਦੇ ਸਾਮਣੇ ਤਥਾਂ ਅਤੇ ਆਂਕੜਿਆਂ ਦੇ ਆਧਾਰ ਉਤੇ ਉਨਾਂ ਦੇ ਦਾਵੇ ਨੂੰ ਚੁਣੌਤੀ ਦੇ ਕੇ ਉਨਾਂ ਦਾ ਖੋਖਲਾਪਨ ਸਿੱਧ ਕਰਦੇ ਹੋਇਆਂ ਦਲਿਤਾਂ ਦੇ ਹੱਕਾਂ ਦੀ ਪ੍ਰਭਾਵਸ਼ਾਲੀ ਪੈਰਵੀ ਕੀਤੀ ਸੀ ।

ਸ਼ਿਮਲਾ ਕਾਂਨਫ੍ਰੇਂਸ ਤੋਂ ਬਾਦ ਇੰਗਲੈਂਡ ਵਿਚ ਮਜ਼ਦੂਰ ਦਲ ਦੀ ਸਰਕਾਰ ਕਾਯਮ ਹੋਈ । ਵਾਏਸਰਾਏ ਨੇ ਨਵੀਆਂ ਚੋਣਾਂ ਦਾ ਐਲਾਨ ਕੀਤਾ । ਇਧਰ ਡਾ ਅੰਬੇਡਕਰ ਨੇ ਸ਼ੈਡੂਲ ਕਾਸਟਸ ਫੈਡਰੇਸ਼ਨ ਵੱਲੋਂ ਚੁਨਾਵ ਅੰਦੋਲਨ ਸ਼ੁਰੂ ਕੀਤਾ ਤਾਂ ਸਰਦਾਰ ਪਟੇਲ ਨੇ ਘੋਸ਼ਣਾ ਕੀਤੀ ਕਿ ਕਾਂਗ੍ਰੇਸ ਮੰਤ੍ਰੀ ਮੰਡਲਾਂ ਦਾ ਪਹਿਲਾਂ ਕੰਮ ਛੂਤ-ਛਾਤ (ਅਸਪ੍ਰਸਤਾ) ਦਾ ਕਾਨੂੰਨੀ ਖਾਤਮਾ ਕਰਨਾ ਹੋਵੇਗਾ । ਇਸ ਘੋਸ਼ਣਾ ਦੇ ਫਲਸ੍ਰੂਪ ਐਸਾ ਅਸਰ ਹੋਇਆ ਕਿ ਸੰਯੁਕਤ ਚੁਨਾਵੀ ਪ੍ਰਣਾਲੀ ਨੂੰ ਫਾਇਦਾ ਹੋਇਆ ਅਤੇ ਸ਼ੈਡੂਲਡ ਕਾਸਟ ਫੇਡਰੇਸ਼ਨ ਪੂਰੀ ਤਰ੍ਹਾਂ ਹਾਰ ਗਈ । ਡਾ੦ ਅੰਬੇਡਕਰ ਦੇ ਨੇਤ੍ਰਿਤਵ ਅਤੇ ਸ਼ੈਡੂਲਡ ਕਾਸਟ ਫੈਡਰੇਸ਼ਨ ਨੂੰ ਜਬਰਦਸਤ ਸੱਟ ਵਜੀ ।

ਦਲਿਤ ਜਾਤ ਫੈਡਰੇਸ਼ਨ ਦੀ ਕਾਰਜਕਾਰੀ ਸਮਿਤੀ ਦੀ ਮੀਟਿੰਗ 4 ਜੂਨ 1946 ਨੂੰ ਸ੍ਰੀ ਐਨ.ਸਿਵਰਾਜ ਜੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਡਾ੦ ਅੰਬੇਡਕਰ ਸ਼ਾਮਲ ਸਨ। ਮਤਾ ਪਾਸ ਕੀਤਾ ਗਿਆ ਕਿ ਵਖਰੇ ਨਿਰਵਾਚਨ ਤੋਂ ਬਿਨ੍ਹਾਂ ਦਲਿਤ ਸਮਾਜ ਦੇ ਸੱਚੇ ਪ੍ਰਤੀਨਿਧੀ ਵਿਧਾਨ ਪਰਿਸ਼ਦ ਲਈ ਨਹੀਂ ਚੁਣੇ ਜਾ ਸਕਦੇ ਇਸ ਕਰਕੇ ਦਲਿਤ ਸਮਾਜ ਨੂੰ ਵਖਰੇ ਨਿਰਵਾਚਨ ਦਾ ਅਧਿਕਾਰ ਮਿਲਣਾ ਹੀ ਚਾਹੀਦਾ ਹੈ। ਸਰਕਾਰ ਨੂੰ ਇਸ ਮਤੇ ਤੋਂ ਜਾਣੂ ਕਰਾਂਦੇ ਹੋਇਆ ਕਿਹਾ ਗਿਆ ਕਿ ਜੇ ਕਰ ਸਾਡੀ ਮੰਗ ਨ ਮੰਨੀ ਗਈ ਤਾਂ ਦਲਿਤ ਫੈਡਰੇਸ਼ਨ ਨੂੰ ਸੰਘਰਸ਼ ਦਾ ਰਾਹ ਅਪਨਾਣਾ ਪਵੇਗਾ। ਇਸ ਧਮਕੀ ਦੇ ਬਾਵਜੂਦ ਦਲਿਤਾਂ ਦੀਆਂ ਮੰਗਾਂ ਵੱਲ ਸਰਕਾਰ ਵੱਲੋਂ ਕੋਈ ਧਿਆਨ ਨ ਦਿੱਤੇ ਜਾਣ ਕਰਕੇ ਡਾ੦ ਅੰਬੇਡਕਰ ਨੇ 25 ਜੂਨ 1946 ਨੂੰ ਦਿੱਲੀ ਤੋਂ ਬੰਬਈ ਵਾਪਸ ਆ ਕੇ ਐਲਾਨ ਕੀਤਾ ਕਿ ਦਲਿਤ ਸਮਾਜ ਨੂੰ ਨਾਇਨਸਾਫੀ ਦੇ ਵਿਰੁਧ ਅਹਿੰਸਕ ਸੰਘਰਸ਼ ਕਰਨਾ ਚਾਹੀਦਾ ਹੈ।

ਦਲਿਤ ਫੈਡਰੇਸ਼ਨ ਦੇ ਆਦੇਸ਼ ਅਨੁਸਾਰ 15 ਜੁਲਾਈ 1946 ਨੂੰ ਕੌਂਸਿਲ ਹਾਲ ਅਤੇ ਪੂਨਾ ਸਚਿਵਾਲਯ ਤੋਂ ਅੱਧਾ ਮੀਲ ਦੇ ਇਰਦ ਗਿਰਦ ਸਭਾ ਬੰਦੀ ਕਾਨੂੰਨ ਦਾ ਉਲੰਘਨ ਕਰ ਕੇ ਦਲਿਤਾਂ ਨੇ ਸਤਿਆਗ੍ਰਹਿ ਸ਼ੁਰੂ ਕੀਤਾ ਜਿਸ ਦੇ ਫਲਸ੍ਵਰੂਪ 12 ਦਿਨਾਂ ਵਿਚ 1150 ਸਤਿਆਗ੍ਰਹੀ ਗ੍ਰਿਫਤਾਰ ਕੀਤੇ ਗਏ ਜਿਨਾਂ ਵਿਚ 128 ਇਸਤ੍ਰੀਆਂ ਸਨ ਇਨ੍ਹਾਂ ਨੂੰ 15 ਦਿਨਾਂ ਤੋਂ ਲੈ ਕੇ ਤਿੰਨ-ਤਿੰਨ ਮਹੀਨੇ ਤਕ ਦੀਆਂ ਸਜਾਵਾਂ ਵੀ ਹੋਇਆਂ - ਇਸ ਸਤਿਆਗ੍ਰਹਿ ਦੇ ਫਲਸ੍ਵਰੂਪ ਪਟੇਲ-ਅੰਬੇਡਕਰ ਮੁਲਾਕਾਤ ਵੀ ਹੋਈ ਪਰ ਕੋਈ ਨਤੀਜਾ ਨਹੀਂ ਨਿਕਲ ਸਕਿਆ।

ਮੁਸਲਿਮ ਲੀਗ ਨੇ 16 ਅਗਸਤ 1946 ਨੂੰ ਖੁਲਾ ਸੰਘਰਸ਼ ਦਿਵਸ ਮਨਾ ਕੇ ਕਾਂਗ੍ਰੇਸੀ ਸਰਕਾਰ ਅਤੇ ਹਿੰਦੂਆ ਦੇ ਖਿਲਾਫ ਵਿਦ੍ਰੋਹ ਸ਼ੁਰੂ ਕਰ ਦਿੱਤਾ। ਕਲਕੱਤਾ ਅਤੇ ਨੋਆਖਲੀ ਵਿਖੇ ਮੁਸਲਮਾਨਾਂ ਨੇ ਆਵਰਣ ਅਤੇ ਸਾਵਰਣ ਸਾਰੇ ਹਿੰਦੂਆਂ ਉਤੇ ਜਬਰਦਸਤ ਹਮਲੇ ਕਰ ਕੇ ਹਜਾਰਾਂ ਬੰਦਿਆਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਲੀਗ ਦੇ ਮਨਾ ਕਰਨ ਤੇ ਵਾਇਸਰਾਏ ਨੇ ਕਾਂਗ੍ਰੇਸ ਨੂੰ ਅੰਤਰਿਮ ਸਰਕਾਰ ਦੇ ਗਠਨ ਲਈ ਸੱਦਾ ਦਿੱਤਾ। 24 ਅਗਸਤ 1946 ਨੂੰ ਅੰਤਰਿਮ ਸਰਕਾਰ ਦੇ 14 ਮੈਂਬਰਾਂ ਦਾ ਜੋ ਐਲਾਨ ਕੀਤਾ ਗਿਆ ਸੀ ਉਸ ਵਿਚ ਦਲਿਤਾਂ

ਦੀ ਅਗਵਾਈ ਲਈ ਜਗਜੀਵਨ ਰਾਮ ਦਾ ਨਾਮ ਸੀ - ਉਸ ਵੇਲੇ ਪੂਨਾ ਵਿਖੇ ਦਲਿਤ ਫੈਡਰੇਸ਼ਨ ਦੀ ਮੀਟਿੰਗ ਚਲ ਰਹੀ ਸੀ। ਡਾ੦ ਅੰਬੇਡਕਰ ਨੇ ਬ੍ਰਿਟਿਸ਼ ਪ੍ਰਧਾਨਮੰਤੀ ਮਿ੦ ਐਟਲੀ ਨੂੰ ਤਾਰ ਰਾਹੀਂ ਸੂਚਿਤ ਕੀਤਾ ਕਿ ਦਲਿਤਾਂ ਦੀਆਂ ਘੱਟੋ-ਘਟ ਦੋ ਸੀਟਾਂ ਜਰੂਰ ਹੋਣੀਆਂ ਚਾਹੀਦੀ ਹਨ।

ਅੰਤਰਿਮ ਸਰਕਾਰ ਵਿਚ ਸ਼ਾਮਲ ਹੋਣ ਤੇ ਲੀਗ ਨੇ ਬੇਸ਼ਕ ਪਹਿਲੋਂ ਮਨਾ ਕਰ ਦਿੱਤਾ ਸੀ ਪਰ ਜਦ ਵਾਇਸਰਾਇ ਨੇ ਕਾਂਗ੍ਰੇਸ ਨੂੰ ਅੰਤਰਿਮ ਸਰਕਾਰ ਗਠਨ ਕਰਨ ਦਾ ਸੱਦਾ ਦੇ ਦਿੱਤਾ ਤਾਂ ਲੀਗ ਨੇ ਇਸ ਪ੍ਰਸ਼ਨ ਤੇ ਪੁਨਰਵੀਚਾਰ ਕਰ ਸਰਕਾਰ ਵਿਚ ਸ਼ਾਮਲ ਹੋਣਾ ਸ੍ਵੀਕਾਰ ਕਰ ਆਪਣੇ ਕੋਟੇ ਦੇ 5 ਮੈਂਬਰਾਂ ਵਿਚ ਦਲਿਤ ਜਾਤੀ ਦੇ ਸ੍ਰੀ ਜੋਗਿੰਦਰ ਨਾਥ ਮੰਡਲ ਨੂੰ ਵੀ ਸ਼ਾਮਲ ਕਰ ਲਿਆ। ਇਸ ਤਰ੍ਹਾਂ ਅੰਤਰਿਮ ਸਰਕਾਰ ਵਿਚ ਦਲਿਤਾਂ ਦੇ ਦੋ ਮੈਂਬਰ ਹੋ ਗਏ।

## ਛੂਤ ਛਾਤ (ਅਸਪ੍ਰਸ਼ਤਾ) ਦਾ ਕਾਨੂੰਨੀ ਖਾਤਮਾ ਅਤੇ ਸ੍ਵਤੰਤਰਤਾ ਪ੍ਰਾਪਤੀ

ਮੰਤ੍ਰੀ ਮੰਡਲ ਮਿਸ਼ਨ ਯੋਜਨਾ ਅਨੁਸਾਰ ਵਿਧਾਨ ਪਰਿਸ਼ਦਾਂ ਦੀ ਸਥਾਪਨਾ ਹੋਈ ਜਿਸ ਦੇ ਅਨੁਸਾਰ ਸਾਰੇ ਭਾਰਤ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ, ਜਿਸ ਨੂੰ ਕਮਜ਼ੋਰ ਕੇਂਦਰ ਨਾਲ ਜੋੜ ਦਿੱਤਾ ਗਿਆ - ਇਹ ਕੇਂਦਰ ਜਿਸ ਪਾਸ ਕੇਵਲ ਵਿਦੇਸ਼ ਵਿਭਾਗ, ਰੱਖਿਆ ਵਿਭਾਗ ਅਤੇ ਯਾਤਾਯਾਤ ਵਿਭਾਗ ਹੀ ਸੀ - ਬਾਕੀ ਸਭ ਕੁਝ ਲਈ ਪਰਿਸ਼ਦਾਂ ਦੇ ਸ੍ਵਤੰਤਰ ਗੁਟਾਂ ਤੇ ਨਿਰਭਰ ਸੀ - ਭਾਵੇਂ ਇਹ ਇਕ ਬੇਤੁੱਕੀ ਅਤੇ ਉਲਝਾਉ ਸਕੀਮ ਸੀ ਪਰ ਭਾਰਤ ਦੀ ਆਜਾਦੀ ਖਾਤਰ, ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਛੁੱਟਕਾਰਾ ਪਾਉਣ ਲਈ ਕਿਧਰੇ ਨ ਕਿਧਰੇ ਆਪਸੀ ਸਮਝੌਤਾ ਜ਼ਰੂਰੀ ਸੀ ਇਸ ਕਰ ਕੇ ਕਾਂਗ੍ਰੇਸ ਨੇ ਵਿਧਾਨ ਪਰਿਸ਼ਦਾਂ ਦੀ ਸਕੀਮ ਨੂੰ ਸ੍ਵੀਕਾਰ ਕਰ ਲਿਆ ਸੀ।

ਸੰਯੁਕਤ ਵਿਧਾਨ ਪਰਿਸ਼ਦ ਦਾ ਇਜਲਾਸ 9 ਦਸੰਬਰ 1946 ਨੂੰ ਡਾ੦ ਸਚਿਦਾਨੰਦ

ਸਿਨਹਾ ਜੀ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ ਅਤੇ 11 ਦਸੰਬਰ 1946 ਨੂੰ ਸਰਵ ਸੰਮਤੀ ਨਾਲ ਡਾ੦ ਰਾਜਿੰਦਰ ਪ੍ਰਸਾਦ ਵਿਧਾਨ ਪਰਿਸ਼ਦ ਦੇ ਸਥਾਈ ਅਧਿਅਕਸ਼ ਚੁਣੇ ਗਏ ।

ਡਾ੦ ਅੰਬੇਡਕਰ ਬੰਗਾਲ ਵਿਧਾਨ ਸਭਾ ਵੱਲੋਂ ਮੁਸਲਿਮ ਲੀਗ ਦੀ ਮਦਦ ਨਾਲ ਦਲਿਤਾਂ ਦੇ ਪ੍ਰਤਿਨਿਧੀ ਦੇ ਤੌਰ ਤੇ ਵਿਧਾਨ ਪਰਿਸ਼ਦ ਵਿਚ ਚੁਣ ਕੇ ਆਏ । 13 ਦਸੰਬਰ 1946 ਨੂੰ ਸ੍ਰੀ ਜਵਾਹਰ ਲਾਲ ਨੇਹਰੂ ਨੇ ਵਿਧਾਨ ਪਰਿਸ਼ਦ ਵਿਚ ਇਕ ਪ੍ਰਸਤਾਵ ਪੇਸ਼ ਕਰ ਕੇ ਭਾਰਤ ਦੇ ਸੰਕਲਪ ਦੀ ਘੋਸ਼ਣਾ ਕੀਤੀ - ਸੁਤੰਤਰ ਸਾਰਵਭੌਮ ਸੱਤਾ-ਪ੍ਰਾਪਤ ਪ੍ਰਜਾਤੰਤ੍ਰ ।

ਡਾ੦ ਅੰਬੇਡਕਰ ਜੀ ਨੇ ਵਿਧਾਨ ਪ੍ਰਰਿਸ਼ਦ ਸਾਹਵੇਂ ਆਪਣਾ ਵਿਧਾਨਕ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਇਕ ਸਮਰਣ ਪੱਤਰ 'ਰਾਜ ਅਤੇ ਅਲਪ ਸੰਖਿਅਕ (State & Minorities) ਨਾਮ ਨਾਲ ਤਿਆਰ ਕਰ ਪ੍ਰਕਾਸ਼ਿਤ ਕਰਵਾਇਆ, ਜਿਸ ਵਿਚ ਕਿਹਾ ਗਿਆ ਸੀ ਕਿ ਦਲਿਤਾਂ ਨੂੰ ਕੇਵਲ ਉਨ੍ਹਾਂ ਥਾਵਾਂ ਤੋਂ ਜਿੱਥੇ ਸੀਟਾਂ ਸੁਰਖਿਅਤ ਹੋਣ, ਵਖਰੇ ਚੁਨਾਵ ਦਾ ਅਧਿਕਾਰ ਮਿਲਨਾ ਚਾਹੀਦਾ ਹੈ ਬਾਕੀ ਥਾਵਾਂ ਤੇ ਸੰਯੁਕਤ ਚੁਨਾਵ ਵਿਚ ਸ਼ਾਮਲ ਹੋਣਗੇ ।

29 ਅਪ੍ਰੈਲ 1947 ਨੂੰ ਵਿਧਾਨ ਪਰਿਸ਼ਦ ਵਿਚ ਸਰਦਾਰ ਪਟੇਲ ਨੇ ਉਸ ਪ੍ਰਸਤਾਵ ਨੂੰ ਸ੍ਵੀਕਾਰ ਕਰਵਾਇਆ ਜਿਸ ਦੇ ਅਨੁਸਾਰ ਅਸਪ੍ਰਸਤਾ ਦਾ ਕਾਨੂੰਨੀ ਖਾਤਮਾ ਕਰ ਦਿੱਤਾ ਗਿਆ ਅਤੇ ਅਛੂਤ ਹੋਣ ਕਰ ਕੇ ਕਿਸੇ ਨੂੰ ਆਯੋਗ ਠਹਿਰਾਣਾ ਅਪਰਾਧ ਘੋਸ਼ਿਤ ਕੀਤਾ ਗਿਆ ।

ਸਦੀਆਂ ਬਾਦ ਹਿੰਦੂ ਸਮਾਜ ਅਤੇ ਦਲਿਤ ਸਮਾਜ ਲਈ
ਇਹ ਇਕ ਮਹੱਤਵਪੂਰਣ ਘਟਨਾ ਸੀ ਜੋ ਭਾਰਤ ਦੀ
ਆਜ਼ਾਦੀ ਤੋਂ ਕੇਵਲ ਸਾਢੇ ਤਿੰਨ ਮਹੀਨੇ ਪਹਿਲਾ ਘਟਿਤ ਹੋਈ ।

## ਡਾ੦ ਅੰਬੇਡਕਰ ਆਜ਼ਾਦ ਭਾਰਤ ਦਾ ਪਹਿਲਾ ਕਾਨੂੰਨ ਮੰਤ੍ਰੀ

ਮੌਂਟ ਬੈਟਨ ਸਕੀਮ ਅਨੁਸਾਰ 2 ਜੁਲਾਈ 1947 ਨੂੰ ਭਾਰਤ ਦੇ ਦੋ ਟੋਟੇ ਹੋ ਗਏ

ਭਾਰਤੀ ਸੰਘ ਅਤੇ ਪਾਕਿਸਤਾਨ। ਤਦਅਨੁਸਾਰ 15 ਅਗਸਤ 1947 ਨੂੰ ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤ੍ਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਬੜੀ ਦੂਰ ਦ੍ਰਿਸ਼ਟਤਾ ਦੀ ਨੀਤੀ ਅਨੁਸਾਰ ਆਪਣੇ ਪਹਿਲੇ ਮੰਤ੍ਰੀ-ਮੰਡਲ ਵਿਚ ਜਿੱਥੇ ਕਾਂਗ੍ਰੇਸ ਵਿਰੋਧੀ ਵਿਚਾਰਾਂ ਵਾਲੇ ਡਾ॰ ਸ਼ਾਮਾ ਪ੍ਰਸਾਦ ਮੁਕਰਜੀ ਨੂੰ ਥਾਂ ਦਿੱਤੀ ਉਥੇ ਹੀ ਪੰਡਤ ਨਹਿਰੂ ਨੇ ਕਰੋੜਾਂ ਦਲਿਤਾਂ ਦੇ ਦਿੱਲਾਂ ਤੇ ਰਾਜ ਕਰਨ ਵਾਲੇ ਵਿਦਵਾਨ ਡਾ॰ ਭੀਮ ਰਾਵ ਅੰਬੇਡਕਰ ਜੀ ਨੂੰ ਪਹਿਲਾ ਕਾਨੂੰਨ ਮੰਤ੍ਰੀ ਮੁਕਰਰ ਕੀਤਾ।

29 ਅਗਸਤ 1947 ਨੂੰ ਜਦ ਭਾਰਤ ਦੇ ਸੰਵਿਧਾਨ (Constitution of India) ਦਾ ਖਰੜਾ ਤਿਆਰ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ ਗਈ ਤਾਂ ਉਸ ਦਾ ਪ੍ਰਧਾਨ, ਵਿਧਾਨ ਸ਼ਾਸਤ੍ਰ ਦੇ ਮਾਹਿਰ ਡਾ॰ ਭੀਮ ਰਾਵ ਅੰਬੇਡਕਰ ਜੀ ਨੂੰ ਹੀ ਬਣਾਇਆ ਗਿਆ।

ਵਿਡੰਬਨਾ ਵੇਖੋ, ਜਿਸ ਅੰਬੇਡਕਰ ਨੇ ਮਹਾਡ ਸਤਿਆਗ੍ਰਹਿ ਸਮੇਂ ਪੁਰਾਣੀ ਮੰਨੂ- ਸਮ੍ਰਿਤੀ ਨੂੰ ਅਗਨੀ ਭੇਟ ਕੀਤਾ (ਜੋ ਕਿ ਇਕ ਵਿਸਫੋਟਕ ਕਾਰਵਾਹੀ ਸੀ) ਉਸੇ ਅੰਬੇਡਕਰ ਨੂੰ ਨਵੀਂ ਸਮ੍ਰਿਤੀ (ਨਵਾਂ ਵਿਧਾਨ) ਲਿਖਣ ਦਾ ਵਿਧਾਇਕ ਕੰਮ ਸੌਂਪਿਆਂ ਗਿਆ - ਇਸ ਮਹੱਤਵਪੂਰਨ ਕੰਮ ਨੂੰ ਕੋਈ ਵਿਧਾਨ ਦਾ ਚੰਗਾ ਜਾਣਕਾਰ ਵਿਦਵਾਨ ਹੀ ਕਰ ਸਕਦਾ ਸੀ। ਇਸੇ ਕਰਕੇ ਪ੍ਰਧਾਨਮੰਤ੍ਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਸ ਵੇਲੇ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਅਤੇ ਵਿਦਵਾਨ ਡਾ॰ ਅੰਬੇਡਕਰ ਨੂੰ ਇਹ ਮੌਹਤਵਪੂਰਨ ਕੰਮ ਸੌਂਪਿਆ। ਅੱਗੋਂ ਅੰਬੇਡਕਰ ਜੀ ਨੇ ਵੀ ਪੂਰੀ ਯੋਗਿਤਾ, ਈਮਾਨਦਾਰੀ ਅਤੇ ਲਗਨ ਨਾਲ ਇਸ ਮਹਤਵਪੂਰਨ ਅਤੇ ਕਠਨ ਕੰਮ ਨੂੰ ਪੂਰਾ ਕੀਤਾ। ਕਿਤਨੇ ਕਮਾਲ ਦੀ ਗੱਲ ਹੈ ਕਿ ਪੁਰਾਣੀ ਸਮ੍ਰਿਤੀ ਨੇ (ਮਨੁ-ਸਮਿਤੀ) ਨੇ ਜਿਨ੍ਹਾਂ ਨੂੰ ਸ਼ੂਦਰ, ਅਤਿਸ਼ੂਦਰ, ਨੀਚ ਅਤੇ ਅਛੂਤ ਮੰਨਿਆ ਉਨ੍ਹਾਂ ਅਛੂਤਾਂ ਵਿਚ ਹੀ ਜਮੇ-ਪਲੇ ਡਾ॰ ਅੰਬੇਡਕਰ ਊਚ ਨੀਚ ਦੇ ਭੇਦ-ਭਾਵ ਪੂਰਨ ਨਿਯਮਾਂ ਅਤੇ ਛੂਤ-ਛਾਤ ਨੂੰ ਕਾਨੂੰਨਨ ਰੱਦ ਕਰਵਾਣ ਵਾਲੇ ਅਤੇ ਸਾਰੇ ਨਾਗਰਿਕਾਂ ਨੂੰ ਆਜਾਦੀ ਦੇਣ ਦੀ ਘੋਸ਼ਣਾ ਕਰਨ ਵਾਲੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਬਣੇ। ਆਪਣੇ ਆਪ ਵਿਚ ਇਹ ਇਕ ਇਤਿਹਾਸਕ ਘਟਨਾ ਮੰਨੀ

ਜਾਵੇਗੀ ।

ਡਾ੦ ਅੰਬੇਡਕਰ ਨੇ 4 ਨਵੰਬਰ 1948 ਨੂੰ ਸੰਵਿਧਾਨ ਦਾ ਖਰੜਾ (ਪ੍ਰਾਰੂਪ) ਜਿਸਵਿਚ 8 ਸੂਚੀਆਂ ਅਤੇ 315 ਧਾਰਾਵਾਂ ਸਨ ਵਿਧਾਨ ਸਭਾ ਵਿਚ ਪੇਸ਼ ਕੀਤਾ - ਜਿਆਦਾਤਰ ਮੈਂਬਰਾ ਨੇ ਡਾ੦ ਅੰਬੇਡਕਰ ਦੀ ਭਰਪੂਰ ਪ੍ਰਸ਼ੰਸਾ ਕੀਤੀ । 25 ਨਵੰਬਰ 1948 ਨੂੰ ਇਸ ਵਿਧਾਨ ਦੀ ਤੀਜੀ ਨਜ਼ਰਸਾਨੀ ਸਮੇਂ ਡਾ੦ ਅੰਬੇਡਕਰ ਨੇ ਕਿਹਾ ਕਿ 'ਮੈਂ ਵਿਧਾਨ ਪਰਿਸ਼ਦ ਵਿਚ ਕੇਵਲ ਨੀਵੇਂ ਸਮਝੇ ਜਾਣ ਵਾਲੇ ਅਛੂਤ ਵਰਗ ਦੇ ਹਿੱਤਾਂ ਦੀ ਰਾਖੀ ਲਈ ਆਇਆ ਸੀ - ਇਸ ਤੋਂ ਵੱਧ ਮੇਰੀ ਹੋਰ ਕੋਈ ਆਕਾਂਸ਼ਾਂ ਨਹੀਂ ਸੀ ਪਰ ਮੈਨੂੰ ਸੰਵਿਧਾਨ ਨਿਰਮਾਣ ਵਰਗੀ ਅਤਿ ਮਹਤਵਪੂਰਨ ਜਿੰਮੇਵਾਰੀ ਸੌਂਪੀ ਜਾਵੇਗੀ, ਇਹ ਤਾਂ ਮੈਂ ਕਦੀ ਸੋਚਿਆਂ ਵੀ ਨਹੀਂ ਸੀ । ਇਸ ਕਮੇਟੀ ਦੇ ਮੇ ਰੇ ਸਾਥੀਆਂ ਨੇ ਮੇਰੇ ਉਤੇ ਵਿਸ਼ਵਾਸ ਕਰ ਕੇ ਮੈਨੂੰ ਅਗਵਾਈ ਕਰਨ ਦਾ ਮਾਣ ਬਖਸ਼ ਕੇ ਮੇ ਰੇ ਕੋਲੋਂ ਇਹ ਮਹਤਵਪੂਰਨ ਕੰਮ ਕਰਵਾ ਲਿਆ । ਮੈਂ ਦਿਲੋਂ ਇਨ੍ਹਾਂ ਸਭਨਾਂ ਦਾ ਅਤੇ ਪ੍ਰਧਾਨ ਮੰਤਰੀ ਦਾ ਧੰਨਵਾਦੀ ਹਾਂ ਕਿਉਂਕਿ ਦੇਸ਼ ਹਿੱਤ ਵਿਚ ਇਕ ਵੱਡਾ ਕੰਮ ਪੂਰਾ ਹੋਇਆ ਹੈ ਜਿਸ ਵਿਚ ਮੇਰੇ ਯੋਗਦਾਨ ਦੀ ਸ਼ਲਾਘਾ ਹੋ ਰਹੀ ਹੈ ।

ਸੰਵਿਧਾਲ ਦਾ ਪ੍ਰਮੁੱਖ ਨਿਰਮਾਤਾ ਨੂੰ ਕਿਸੇ ਨੇ 'ਆਧੁਨਿਕ ਮਨੁ' ਕਿਹਾ ਤਾਂ ਕਿਸੇ ਨੇ ਵੀਹਵੀਂ ਸਦੀ ਦਾ ਸਮ੍ਰਿਤੀਕਾਰ ਕਿਹਾ । ਇਹ ਵਾਕੇਈ ਕਮਾਲ ਹੈ ਕਿ ਮਨੁ ਸਮ੍ਰਿਤੀ ਨੂੰ ਸਾੜਨ ਵਾਲੇ ਨੂੰ ਲੋਕਾਂ ਨੇ 'ਆਧੁਨਿਕ ਮਨੁ' ਕਹਿ ਕੇ ਸਨਮਾਨਿਆ ।

ਜਿੱਥੇ ਬੰਬਈ ਦਲਿਤ ਜਾਤ ਫੈਡਰੇਸ਼ਲ ਨੇ 11 ਜਨਵਰੀ 1950 ਨੂੰ ਭਾਰਤ ਦੇ ਸੰਵਿਧਾਨ ਦੀ ਇਕ ਪ੍ਰਤੀ ਭੇਟਾ ਕਰ ਕੇ ਡਾ੦ ਅੰਬੇਡਕਰ ਦਾ ਸੰਨਮਾਨ ਕੀਤਾ ਉਥੇ ਹੀ ਕੋਲੰਬੀਆ ਯੂਨੀਵਰਸਿਟੀ ਨੇ 5 ਜੂਨ 1952 ਨੂੰ ਵਿਧਾਨ ਸ਼ਾਸਤ੍ਰਗਯ ਡਾ੦ ਅੰਬੇਡਕਰ ਨੂੰ ਐਲ.ਐਲ.ਡੀ. ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ ।

# ਹਿੰਦੂ ਕੋਡ ਬਿਲ ਅਤੇ ਡਾ0 ਅੰਬੇਡਕਰ ਦਾ ਮੰਤ੍ਰੀ ਮੰਡਲ ਤੋਂ ਇਸਤੀਫਾ

ਹਿੰਦੂ ਧਰਮ ਦੀਆਂ ਕੁਝ ਕੁ ਸ਼ਾਖਾਵਾਂ ਨੂੰ ਨਿਯਮਿਤ ਕਰਨ ਅਤੇ ਉਨ੍ਹਾਂ ਵਿਚ ਕੁਝ ਸੁਧਾਰ ਕਰਨ ਲਈ ਬ੍ਰਿਟਿਸ਼ ਸਰਕਰ ਨੇ 1941 ਵਿਚ ਰਾਉ ਕਮੇਟੀ ਗਠਿਤ ਕੀਤੀ ਸੀ । ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਕੁਝ ਤਰਮੀਮ ਤੋਂ ਬਾਦ ਡਾ0 ਅੰਬੇਡਕਰ ਨੇ 1948 ਵਿਚ ਹਿੰਦੂ ਕੋਡ ਬਿਲ ਨਾਮ ਦਾ ਇਕ ਬਿਲ ਲੋਕ ਸਭਾ ਦੇ ਸਾਮਣੇ ਪੇਸ਼ ਕੀਤਾ ਸੀ । ਇਸ ਬਿਲ ਦੇ ਸੰਬੰਧ ਵਿਚ 24 ਫਰਵਰੀ 1949 ਨੂੰ ਡਾ0 ਅੰਬੇਡਕਰ ਨੇ ਇਹ ਸਪਸ਼ਟ ਕਰਦੇ ਹੋਇਆਂ ਕਿਹਾ ਸੀ, ਕਿ ਜੇ ਕਰ ਤੁਸੀਂ ਹਿੰਦੂ ਪ੍ਰਣਾਲੀ, ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਸਮਾਜ ਦੀ ਰੱਖਿਆ ਕਰਨਾ ਚਾਹੁੰਦੇ ਹੋ ਤਾਂ ਉਸ ਵਿਚ ਜੋ ਖ਼ਰਾਬੀਆਂ ਆ ਗਈਆਂ ਹਨ ਉਨ੍ਹਾਂ ਨੂੰ ਸੁਧਾਰਨ ਵਿਚ ਕਿਸੇ ਕਿਸਮ ਦੀ ਹਿਚ-ਕਿਚਾਹਟ ਨਹੀਂ ਹੋਣੀ ਚਾਹੀਦੀ । ਹਿੰਦੂ ਕੋਡ ਬਿਲ ਹਿੰਦੂ ਪ੍ਰਣਾਲੀ ਦੇ ਕੇਵਲ ਉਨ੍ਹਾਂ ਅੰਸ਼ਾ ਦਾ ਸੁਧਾਰ ਚਾਹੁੰਦਾ ਹੈ ਜੋ ਵਿਕ੍ਰਤ ਹੋ ਚੁੱਕੇ ਹਨ - ਬਾਕੀ ਇਸ ਤੋਂ ਵਧ ਕੁਝ ਵੀ ਨਹੀਂ ।

ਕਟਰਵਾਦੀ ਹਿੰਦੂਆਂ ਅਤੇ ਜ਼ਿਆਦਾਤਰ ਕਾਂਗਰਸੀਆਂ ਨੇ ਇਸ ਬਿਲ ਦੀ ਭਾਵਨਾ ਨੂੰ ਸਮਝੇ ਬਗੈਰ ਹੀ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਇਹ ਵਿਰੋਧ ਇਤਨਾ ਵੱਧਿਆ ਕਿ, ਬਿਲ ਨੂੰ ਵਿਵਾਹ ਅਤੇ ਤਲਾਕ ਤਕ ਸੀਮਿਤ ਕੀਤਾ ਜਾਣਾ ਭੀ ਵਿਰੋਧੀਆਂ ਨੂੰ ਮੰਜ਼ੂਰ ਨ ਹੋਣ ਕਰ ਕੇ, ਇਹ ਬਿਲ ਪਾਸ ਨ ਹੋ ਸਕਿਆ ।

ਜਿਆਦਾਤਰ ਕਾਂਗ੍ਰਸੀ ਮੈਂਬਰਾਂ ਦੇ ਪ੍ਰਬਲ ਵਿਰੋਧ ਕਰ ਕੇ ਹਿੰਦੂ ਕੋਡ ਬਿਲ ਦੀ ਜੋ ਦੁਰਦਸ਼ਾ ਹੋਈ ਉਸ ਤੋਂ ਦੁੱਖੀ ਹੋ ਕੇ ਡਾ0 ਅੰਬੇਡਕਰ ਨੇ ਸਿਤੰਬਰ 1951 ਨੂੰ ਮੰਤ੍ਰੀਮੰਡਲ ਤੋਂ ਇਸਤੀਫਾ ਦੇ ਦਿੱਤਾ । ਪ੍ਰਧਾਨਮੰਤ੍ਰੀ ਨੇ ਇਸਤੀਫ਼ਾ ਮੰਜ਼ੂਰ ਕਰਦੇ ਹੋਇਆ ਡਾ0 ਅੰਬੇਡਕਰ ਦੇ ਕਮਾਂ ਅਤੇ ਉਨ੍ਹਾਂ ਦੇ ਕਠਿਨ ਪਰਿਸ਼ਰਮ ਦੀ ਕਾਫ਼ੀ ਤਾਰੀਫ਼ ਕੀਤੀ ।

ਸੇਹਤ ਠੀਕ ਨ ਹੋਣ ਦੇ ਬਾਵਜੂਦ ਡਾ0 ਅੰਬੇਡਕਰ ਨੇ ਹਿੰਦੂ ਕੋਡ ਬਿਲ ਉਤੇ ਕਾਫੀ ਮਗ਼ਜ਼ਮਾਰੀ ਕੀਤੀ ਸੀ - ਹਿੰਦੂਆਂ ਦੀ ਸੁਧਾਰ ਵਿਰੋਧੀ ਮਨੋਵ੍ਰਿਤੀ ਕਰ ਕੇ ਡਾ0 ਸਾਹਿਬ ਬਹੁਤ

ਹੀ ਨਿਰਾਸ਼ ਹੋਏ - ਇਸ ਵਿਰੋਧ ਦਾ ਅਰਥ ਇਹ ਸੀ ਕਿ ਹਿੰਦੂ ਸਮਾਜ ਤੋਂ ਅਛੂਤਾਂ ਦੇ ਉਧਾਰ ਅਤੇ ਛੂਤ-ਛਾਤ ਦੇ ਖਾਤਮੇ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਡਾ० ਅੰਬੇਡਕਰ ਦਾ ਇੰਝ ਸੋਚਣਾ ਗ਼ਲਤ ਨਹੀਂ ਸੀ ਹਾਲਾਂ ਕਿ ਉਹ ਇਕ ਆਸ਼ਾਵਾਦੀ ਸੁਭਾਵ ਦੇ ਮਾਲਕ ਸਨ।

## ਸੰਵਿਧਾਨ ਨਿਰਮਾਤਾ ਸੰਵਿਧਾਨ ਆਧਾਰਤ ਚੋਣਾਂ ਵਿਚ ਪਰਾਜਿਤ

ਇਸਤੀਫ਼ਾ ਦੇਣ ਤੋਂ ਬਾਦ ਡਾ० ਸਾਹਿਬ ਦਿੱਲੀ ਤੋਂ ਬੰਬਈ ਗਏ ਅਤੇ 1952 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ (ਜਲਰਲ ਇਲੈਕਸ਼ਨ) ਵਿਚ ਹਿੱਸਾ ਲੈਣ ਲਈ ਤਿਆਰੀ ਸ਼ੁਰੂ ਕਰ ਦਿੱਤੀ। ਚੋਣਾਂ ਲਈ ਸ਼ੈਡੂਲਡ ਕਾਸਟਸ ਫੈਡਰੇਸ਼ਨ ਅਤੇ ਸਮਾਜਵਾਦੀ ਪਾਰਟੀ ਵਿਚ ਗਠਬੰਧਨ ਵੀ ਹੋਇਆ। ਜਨਵਰੀ 1952 ਨੂੰ ਨਵੇਂ ਸੰਵਿਧਾਨ ਦੇ ਆਧਾਰ ਤੇ ਆਜ਼ਾਦ ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਹੋਈਆਂ ਅਤੇ ਇਸ ਚੋਣ ਵਿਚ ਬੰਬਈ ਦੇ ਇਕ ਹਲਕੇ ਤੋਂ ਖੜੇ ਹੋਏ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਡਾ० ਅੰਬੇਡਕਰ ਹਾਰ ਗਏ - ਕਿਤਨੀ ਹੈਰਾਨੀ ਦੀ ਗੱਲ ਹੈ ਪਰ ਇਸ ਹਾਰ ਦਾ ਕਾਰਨ ਵੀ ਸਪਸ਼ਟ ਸੀ। ਕਿਉਂਕਿ ਕਟਰ ਹਿੰਦੂਵਾਦੀ ਕਾਂਗ੍ਰੇਸ ਦੇ ਮੈਂਬਰਾਂ ਅਤੇ ਸਨਾਤਨ ਹਿੰਦੂਆਂ ਦੇ ਪ੍ਰਬਲ ਵਿਰੋਧ ਕਰ ਕੇ ਹਿੰਦੂ ਕੋਡ ਬਿਲ ਪਾਸ ਨਹੀਂ ਸੀ ਹੋ ਸਕਿਆ ਜਿਸ ਕਰਕੇ ਡਾ ਅੰਬੇਡਕਰ ਨੇ ਮੰਤ੍ਰੀ ਮੰਡਲ ਤੋਂ ਇਸਤੀਫ਼ਾ ਦੇ ਦਿੱਤਾ ਸੀ ਅਤੇ ਉਸੇ ਨਾਰਾਜ਼ਗੀ ਦੇ ਤਹਿਤ ਵਕਤੀ ਗੁੱਸੇ ਵਿਚ ਉਨਾਂ ਨੇ ਇਕ ਚੁਨਾਵੀ ਭਾਸ਼ਣ ਵਿਚ ਅਲਪ ਸੰਖਿਅਕਾਂ ਅਤੇ ਮੁਸਲਮਾਨਾ ਲਈ ਵਖਰੇ ਚੁਨਾਓ ਦੇ ਅਧਿਕਾਰ ਦੀ ਵਕਾਲਤ ਕਰ ਦਿੱਤੀ ਸੀ ਜਿਸ ਦੀ ਪ੍ਰਤਿਕ੍ਰਿਆ ਸ੍ਵਰੂਪ ਹਿੰਦੂ ਵੋਟਰਾਂ ਨੇ ਡਾ० ਅੰਬੇਡਕਰ ਨੂੰ ਹਾਰਨ ਤੇ ਮਜ਼ਬੂਰ ਕਰ ਦਿੱਤਾ (ਹਾਲਾਂ ਕਿ ਅਲਪ ਸੰਖਿਅਕਾਂ ਨੂੰ ਵਖਰੇ ਚੁਨਾਵਾਂ ਦਾ ਅਧਿਕਾਰ ਨਹੀਂ ਸੀ ਮਿਲ ਸਕਦਾ।

ਦਲਿਤਾਂ ਵਿਚ ਉਚ ਸ਼ਿਕਸ਼ਾ ਦੇ ਪ੍ਰਚਾਰ ਪ੍ਰਸਾਰ ਵਿਚ ਡਾ० ਅੰਬੇਡਕਰ ਸ਼ੁਰੂ ਤੋਂ ਹੀ ਪ੍ਰਯਤਨਸ਼ੀਲ ਸਨ। ਉਨ੍ਹਾਂ ਨੇ ਕਈ ਸਾਲ ਪਹਿਲਾਂ ਪੀਪੁਲਸ ਐਜੂਕੇਸ਼ਨ ਸੁਸਾਇਟੀ ਦੀ

ਸਥਾਪਨਾ ਕੀਤੀ ਸੀ ਜਿਸ ਦੇ ਅੰਤਰਗਤ 1951 ਵਿਚ ਔਰੰਗਾਬਾਦ ਵਿਖੇ ਮਿਲੰਦ ਕਾਲੇਜ ਦੀ ਸਥਾਪਨਾ ਹੋਈ ਸੀ - ਮੰਤ੍ਰੀ ਬਣ ਜਾਣ ਅਤੇ ਦੂਜੇ ਰੁਝੇਵਿਆਂ ਕਰ ਕੇ ਡਾ੦ ਅੰਬੇਡਕਰ ਜੋ ਇਨ੍ਹਾਂ ਕਾਲਜਾਂ ਤੋਂ ਥੋੜੇ ਕਟ ਆਫ ਹੋ ਚੁੱਕੇ ਸਨ ਹੁਣ ਤਿਆਗ ਪੱਤਰ ਦੇਣ ਦੋਂ ਬਾਦ ਫਿਰ ਉਨ੍ਹਾਂ ਨੂੰ ਇਨ੍ਹਾਂ ਕਾਲਜਾਂ ਦੀ ਸੁਧ ਲੈਣ ਦਾ ਸਮਾਂ ਪ੍ਰਾਪਤ ਹੋ ਗਿਆ ਸੀ ।

ਮਾਰਚ 1952 ਵਿਚ ਡਾ੦ ਅੰਬੇਡਕਰ ਜੀ ਨੂੰ ਰਾਜ ਸਭਾ ਦਾ ਮੈਂਬਰ ਚੁਣ ਲਿਆ ਗਿਆ ।

## ਹਿੰਦੂ ਧਰਮ ਛੱਡ ਬੋਧ ਧਰਮ ਅਪਨਾ ਲਿਆ

*'ਮੈਂ ਹਿੰਦੂ ਧਰਮ ਮੇ ਮਰੂਗਾ ਨਹੀਂ - ਯੇਹ ਪ੍ਰਤਿਗਿਆ ਮੈਂ ਨੇ ਆਜ ਸੇ 21 ਵਰਸ਼ ਪਹਿਲੇ ਕੀ ਥੀ, ਔਰ ਆਜ ਉਸੇ ਪੂਰਾ ਕਰ ਦਿਖਾਯਾ ਹੈ । ਇਸ ਧਰਮਾਂਤਰ ਸੇ ਮੈਂ ਬੜਾ ਹੀ ਖੁਸ਼ ਹੁਆ ਹੂੰ ਔਰ ਪ੍ਰਫੁਲਿਤ ਹੋ ਉਠਾ ਹੂੰ । ਮੁਝੇ ਐਸਾ ਮਾਲੂਮ ਹੋਤਾ ਹੈ ਕਿ ਮੈਂ ਨਰਕ ਸੇ ਛੁਟਕਾਰਾ ਪਾ ਗਿਆ ਹੂੰ ।*

ਡਾ੦ ਅੰਬੇਡਕਰ ਜੀ ਨੇ 1935 ਵਿਚ ਧਰਮ ਪਰਿਵਰਤਨ ਦਾ ਐਲਾਨ ਕਰਦੇ ਹੋਇਆ ਕਿਹਾ ਕਿ ਮੈਂ ਹਿੰਦੂ ਧਰਮ ਵਿਚ ਪੈਦਾ ਹੋਇਆ ਹਾਂ ਪਰ ਮੈਂ ਹਿੰਦੂ ਧਰਮ ਵਿਚ ਮਰਾਂਗਾ ਨਹੀਂ । ਪਹਿਲਾਂ ਉਨ੍ਹਾਂ ਦਾ ਝੁਕਾਓ ਸਿੱਖ ਧਰਮ ਵੱਲ ਸੀ, ਫਿਰ ਇਸਲਾਮ ਅਤੇ ਈਸਾਈ ਧਰਮ ਬਾਰੇ ਵੀ ਸੁਣਨ ਵਿਚ ਆਇਆ - ਅਸਲੀਲਤ ਵਿਚ ਇਹ ਐਲਾਨ ਡਾ੦ ਸਾਹਿਬ ਨੇ ਕਰ ਤਾਂ ਦਿੱਤਾ ਸੀ ਕਿ ਉਹ ਹਿੰਦੂ ਧਰਮ ਵਿਚ ਨਹੀਂ ਰਹਿਣਗੇ ਪਰ ਕੇਹੜਾ ਧਰਮ ਗ੍ਰਹਿਣ ਕਰਨਗੇ ਇਸ ਬਾਰੇ ਪੂਰੀ ਤਰ੍ਹਾਂ ਕਿਸੇ ਨੂੰ ਪਤਾ ਨਹੀਂ ਸੀ ਕਿਉਂਕਿ ਭਾਵੇਂ ਹਿੰਦੂ ਧਰਮ ਤੋਂ ਡਾ੦ ਅੰਬੇਡਕਰ ਨਿਰਾਸ਼ ਸਨ, ਪਰ ਜਿਥੇ ਤਕ ਭਾਰਤ ਦੇਸ਼ ਦਾ ਪ੍ਰਸ਼ਨ ਹੈ ਉਹ ਹੋਰ ਦੇਸ਼ ਭਗਤਾਂ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸਨ - ਉਨ੍ਹਾਂ ਦੀ ਸੋਚ ਅਨੁਸਾਰ ਇਸਲਾਮ ਅਤੇ ਇਸਾਈ ਧਰਮ ਬਾਹਰ

ਦੇ ਧਰਮ ਸਨ। ਉਹ ਕਿਸੇ ਵੀ ਹਾਲ ਇਸਲਾਮ ਧਰਮ ਅਪਨਾ ਕੇ ਹਿੰਦੋਸਤਾਨ ਵਿਚ ਮੁਸਲਮਾਨਾਂ ਦੀ ਗਿਣਤੀ ਵਿਚ ਵਾਧਾ ਨਹੀਂ ਸਨ ਕਰਨਾ ਚਾਹੁੰਦੇ। ਇਸੇ ਤਰ੍ਹਾਂ ਇਸਾਈ ਧਰਮ ਅਪਨਾ ਕੇ ਦੋ ਸੌ ਸਾਲਾਂ ਤੋਂ ਵੱਧ ਸਮੇਂ ਤੋਂ ਸ਼ਾਸਕ ਬਣੇ ਅੰਗ੍ਰੇਜ਼ਾਂ ਦੇ ਹੱਥਾ ਨੂੰ ਹੋਰ ਮਜ਼ਬੂਤ ਕਰਨਾ ਵੀ ਉਨ੍ਹਾਂ ਨੂੰ ਗਵਾਰਾ ਨਹੀਂ ਸੀ - ਹਾਂ ਸਿੱਖ ਧਰਮ ਉਨ੍ਹਾਂ ਨੂੰ ਆਪਣੇ ਦੇਸ਼ ਦਾ ਧਰਮ ਤਾਂ ਲਗਦਾ ਸੀ ਪਰ ਪਿਛਲੇ ਕਾਫ਼ੀ ਅਰਸੇ ਤੋਂ ਬੌਧ ਧਰਮ ਦਾ ਗੂੜਾ ਅਧਿਐਨ ਕਰ ਚੁੱਕੇ ਡਾ੦ ਅੰਬੇਡਕਰ ਨੇ ਅੰਤ ਬੌਧ ਧਰਮ ਉਤੇ ਆ ਕੇ ਮਨ ਪਕਾ ਕਰ ਲਿਆ ਅਤੇ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਧਰਮ ਪਰਿਵਰਤਨ ਦੀ ਪ੍ਰਤਿਗਿਆ ਪੂਰੀ ਕੀਤੀ।

ਬੌਧ ਧਰਮ ਅਪਨਾਉਣ ਤੋਂ ਕਾਫ਼ੀ ਪਹਿਲਾ 1948 ਵਿਚ ਡਾ੦ ਅੰਬੇਡਕਰ ਜੀ ਦੀ ਜੋ ਪੁਸਤਕ The Untouchables ਪ੍ਰਕਾਸ਼ਿਤ ਹੋਈ ਸੀ ਉਸ ਵਿਚ ਡਾ੦ ਅੰਬੇਡਕਰ ਨੇ ਇਹ ਸਿੱਧ ਕੀਤਾ ਸੀ ਕਿ ਅਛੂਤ ਲੋਗ ਪਹਿਲਾਂ ਬੌਧੀ ਹੀ ਸਨ। ਬੌਧ ਧਰਮ ਹੀ ਅਛੂਤਾਂ ਦਾ ਪਿਤਾ ਪੁਰਖੀ ਧਰਮ ਸੀ। ਇਸ ਤੋਂ ਛੁੱਟ ਡਾ੦ ਜੀ ਦੁਆਰਾ ਸ਼ੁਰੂ ਕੀਤੇ ਗਏ ਕਾਲਜਾਂ, "ਸਿਧਾਰਥ" ਅਤੇ "ਮਿਲੰਦ" ਦੇ ਨਾਮਾਂ ਤੋਂ ਵੀ ਸੰਕੇਤ ਮਿਲਦਾ ਹੈ ਕਿ ਡਾ੦ ਸਾਹਿਬ ਦਾ ਬਹੁਤ ਪਹਿਲੇ ਤੋਂ ਹੀ ਬੌਧ ਧਰਮ ਵਲ ਝੁਕਾਓ ਹੋ ਚੁੱਕਾ ਸੀ।

ਗਾਂਧੀ ਜੀ ਨੇ ਧਰਮ ਪਰਿਵਰਤਨ ਤੋਂ ਬਹੁਤ ਪਹਿਲਾਂ ਹੀ ਡਾ੦ ਅੰਬੇਡਕਰ ਨੂੰ ਹਿੰਦੂ ਧਰਮ ਅਤੇ ਹਿੰਦੂ ਸਮਾਜ ਤੋਂ ਵੱਖ ਕਰ ਦਿੱਤਾ ਸੀ।

ਡਾ੦ ਅੰਬੇਡਕਰ ਜੀ 1950 ਵਿਚ ਲੰਕਾ ਵਿਖੇ ਹੋਏ ਪਹਿਲੇ ਵਿਸ਼ਵ ਬੋਧ ਸੰਮੇਲਨ ਅਤੇ 1954 ਨੂੰ ਹੋਏ ਬਰਮਾ ਵਿਸ਼ਵ ਬੌਧ ਸੰਮੇਲਲ ਵਿਚ ਸ਼ਾਮਲ ਹੋਏ ਸਨ। ਰੰਗੂਨ ਦੀ ਇਕ ਸਭਾ ਵਿਚ ਭਾਸ਼ਣ ਦੇਂਦਿਆਂ ਡਾ੦ ਸਾਹਿਬ ਨੇ ਕਿਹਾ 'ਭਾਰਤ ਵਿਚ ਬੌਧ ਧਰਮ ਦੇ ਰੁੱਖ ਦੀਆ ਸ਼ਾਖਾਵਾਂ ਅਤੇ ਪੱਤੇ ਸੁੱਕ ਗਏ ਹਨ ਪਰ ਉਸ ਦੀਆਂ ਜੜਾਂ ਅੱਜ ਵੀ ਹਰੀਆਂ - ਭਰੀਆਂ ਹਨ। ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਉਨ੍ਹਾਂ ਨੇ ਤਿੰਨ ਗੱਲਾ ਦੱਸੀਆਂ - ਪਹਿਲੀ ਇਹ ਕਿ ਭਾਰਤ ਦੇ ਰਾਸ਼ਟ੍ਰਪਤੀ ਜਿਸ ਖਾਸ ਆਸਨ ਉਤੇ ਬਿਰਾਜਮਾਨ ਹੁੰਦੇ ਹਨ, ਉਸ ਉਪਰ ਧਰਮ-ਚਕ੍ਰ - ਪਰਵਰਤਨਾਯ, ਅੰਕਿਤ ਹੈ ਦੂਜੀ ਗੱਲ ਇਹ ਕਿ ਭਾਰਤ ਦੀ ਰਾਸ਼ਟ੍ਰਪਤੀ ਪਤਾਕਾ

ਉਤੇ - ਧਰਮ ਚਕਰ ਅੰਕਿਤ ਹੈ ਅਤੇ ਤੀਜਾ ਇਹ ਕਿ ਭਾਰਤ ਦੀ ਰਾਜ ਮੁਦ੍ਰਾ ਉਤੇ ਅਸ਼ੋਕ ਦੀ ਲਾਟ (ਅਸ਼ੋਕ ਅਸਤੰਭ) ਉਕਰਿਆ ਹੁੰਦਾ ਹੈ। ਇਸ ਤਰ੍ਹਾ ਬੋਧ ਧਰਮ ਦੀ ਜੜ ਨੂੰ ਹਰਾ ਭਰਾ ਰੱਖਣ ਦਾ ਸੇਹਰਾ ਭਾਰਤ ਸਰਕਾਰ ਦੇ ਹੀ ਸਿਰ ਹੈ। ਭਾਰਤ ਸਰਕਾਰ ਧਰਮ ਨਿਰਪੇਕਸ਼ ਹੋਣ ਦੇ ਬਾਵਜੂਦ ਮਹਾਤਮਾ ਬੁਧ ਦੇ ਪ੍ਰਤੀ ਸ਼ਰਧਾਵਾਨ ਰਹੀ ਹੈ। ਤਾਹੀਓ ਤੇ ਬੁਧ ਨਿਰਵਾਣ ਦੀ 25 ਵੀਂ ਸ਼ਤਾਬਦੀ ਮਈ 1956 ਤੋਂ ਮਈ 1957 ਦੇ ਮੌਕੇ ਤੇ ਕੇਂਦਰੀ ਅਤੇ ਪ੍ਰਾਂਤੀਯ ਸਰਕਾਰਾਂ ਨੇ ਨਵੀਂਆਂ ਸੜਕਾਂ, ਨਵੀਆਂ ਈਮਾਰਤਾਂ, ਧਰਮ ਸ਼ਾਲਾਵਾਂ ਅਤੇ ਹੋਰ ਕਈ ਕੰਮਾਂ ਵਿਚ ਲੱਖਾਂ ਰੁਪਏ ਖਰਚ ਕੀਤੇ।

ਬੋਧ ਦੀਕਸ਼ਾ ਸਮਾਰੋਹ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਸੰਮਪੰਨ ਹੋਇਆ, ਜਿਸ ਵਿਚ ਪੰਜ ਲੱਖ ਤੋਂ ਵੱਧ ਦਲਿਤਾਂ ਨੇ ਧਰਮ ਪਰਿਵਰਤਨ ਦੀ ਇੱਛਾ ਨਾਲ, ਹਿੱਸਾ ਲਿਆ। ਇਸ ਦੀਕਸ਼ਾ ਸਮਾਰੋਹ ਨੂੰ ਵੇਖਣ ਲਈ ਹਜਾਰਾਂ ਉਚ ਵਰਗ ਵਾਲੇ ਹਿੰਦੂ ਵੀ ਸ਼ਾਮਲ ਹੋਏ ਸਨ। ਬਰਮਾ ਦੇ 80 ਵਰਿਆਂ ਦੇ ਬਿਰਧ ਬੋਧ ਭਿਕਸ਼ੂ ਚੰਦਰ ਮਣੀ ਮਹਾਂਸਥਵਿਰ ਨੇ ਲੱਖਾਂ ਬੰਦਿਆਂ ਦੀ ਹਾਜ਼ਰੀ ਵਿਚ ਡਾ੦ ਅੰਬੇਡਕਰ ਨੂੰ "ਤ੍ਰਿਸ਼ਰਣ ਪੰਚਸ਼ੀਲ" ਦਾ ਉਚਾਰਣ ਕਰਵਾ ਕੇ ਬੋਧ ਧਰਮ ਦੀ ਦੀਕਸ਼ਾ ਦਿੱਤੀ। ਬਾਦ ਵਿਚ ਡਾ੦ ਅੰਬੇਡਕਰ ਜੀ ਨੇ ਪੰਜ ਲੱਖ ਤੋਂ ਵੱਧ ਦਲਿਤਾਂ ਨੂੰ "ਤ੍ਰਿਸ਼ਰਣ ਪੰਚਸ਼ੀਲ" ਦਾ ਉਚਾਰਣ ਕਰਵਾ ਕੇ ਬੋਧ ਧਰਮ ਦੀ ਦੀਕਸ਼ਾ ਦਿੱਤੀ। ਇਸ ਮੌਕੇ ਤੇ ਬਹੁਤ ਸਾਰੇ ਸਾਵਰਣ ਹਿੰਦੂਆਂ, ਜਿਨ੍ਹਾਂ ਵਿਚ ਨਾਗਪੁਰ ਦੇ ਸਾਬਕਾ ਜੱਜ ਸ੍ਰੀ ਭਵਾਨੀ ਸੰਕਰ ਨਿਯੋਗੀ ਅਤੇ ਔਰੰਗਾਬਾਦ ਮਿਲੰਦ ਕਾਲੇਜ ਦੇ ਪ੍ਰਿੰਸੀਪਲ ਸ੍ਰੀ ਚਿਟਨੀਸ ਵੀ ਸਨ, ਵਰਨਨ ਯੋਗ ਹਨ, ਤੋਂ ਛੁੱਟ ਅੰਬੇਡਕਰ ਜੀ ਦੀ ਪਤਨੀ ਅਤੇ ਸਪੁੱਤਰ ਸ੍ਰੀ ਯਸਵੰਤ ਰਾਓ ਵੀ ਬੋਧ ਧਰਮ ਵਿਚ ਦੀਕਸ਼ਿਤ ਹੋਏ।

ਬੋਧ ਧਰਮ ਦੀ ਦੀਕਸ਼ਾ ਪ੍ਰਾਪਤ ਕਰਨ ਦੇ ਦੂਜੇ ਦਿਨ ਡਾ੦ ਅੰਬੇਡਕਰ ਜੀ ਨੇ ਜੋ ਭਾਸ਼ਣ ਦਿੱਤਾ ਉਸ ਵਿਚ ਹੋਰ ਬਹੁਤ ਸਾਰੀਆਂ ਹਿਦਾਯਤਾਂ ਤੋਂ ਛੁੱਟ ਬਹੁਤ ਪਹਿਲਾਂ ਕੀਤੀ ਆਪਣੀ ਪ੍ਰਤਿਗਿਆ ਬਾਰੇ ਵੀ ਦੱਸਿਆ ਕਿ -

'ਮੈਂ ਨੇ ਯੇਹ ਪ੍ਰਤਿਗਿਆ ਅੱਜ ਸੇ 21 ਵਰਸ਼ ਪਹਿਲੇ ਕੀ ਥੀ ਔਰ ਉਸੇ ਆਜ ਪੂਰਾ ਕਰ

ਦਿਖਾਯਾ । ਇਸ ਧਰਮਾਂਤਰ ਸੇ ਮੈਂ ਬੜਾ ਹੀ ਖ਼ੁਸ਼ ਹੁਆ ਹੂੰ - ਔਰ ਪ੍ਰਫੁਲਿਤ ਹੋ ਉਠਾ ਹੂੰ । ਮੁਝੇ ਐਸਾ ਮਾਲੂਮ ਹੋਤਾ ਹੈ ਕਿ ਮੈਂ ਨਰਕ ਸੇ ਛੁਟਕਾਰਾ ਪਾ ਗਿਆ ਹੂੰ ।

ਕਈ ਹਿੰਦੂ ਅਖਬਾਰਾਂ ਨੇ ਡਾ੦ ਅੰਬੇਡਕਰ ਦੇ ਧਰਮ ਪਰਿਵਰਤਨ ਦੀ ਤਿਖੀ ਆਲੋਚਨਾ ਕੀਤਾ । ਇਨ੍ਹਾਂ ਅਖਬਾਰਾਂ ਨੂੰ ਡਾ੦ ਸਾਹਿਬ ਨੇ ਮੂਹ ਤੋੜਵਾਂ ਉਤਰ ਦਿੱਤਾ ਕਿਉਂਕਿ ਡਾ੦ ਸਾਹਿਬ ਵਿਚ ਆਤਮ ਅਭਿਮਾਨ ਅਤੇ ਆਤਮ ਵਿਸ਼ਵਾਸ਼ ਕੁੱਟ-ਕੁੱਟ ਦੇ ਭਰਿਆ ਹੋਇਆ ਸੀ, ਉਹ ਕਿਸੇ ਵੀ ਪ੍ਰਤਿਕੂਲ ਪਰਸਥਿਤੀ ਵਿਚ ਡਟ ਕੇ ਖੜੇ ਰਹਿਣ ਵਾਲਿਆਂ ਵਿਚੋਂ ਸਨ ਤਾਇਓਂ ਤੇ ਉਨ੍ਹਾਂ ਨੇ ਸਪਸ਼ਟ ਕੀਤਾ ਕਿ 'ਬੋਧ ਧਰਮ ਮਾਨਵ ਮਾਤ੍ਰ ਵਿਚ ਸਮਤਾਵਾਦ ਨੂੰ ਮਹਿਸੂਸ ਕਰਦਾ ਹੈ - ਈਸ਼ਵਰ ਅਤੇ ਆਤਮਾ ਲਈ ਇਸ ਧਰਮ ਵਿਚ ਕੋਈ ਥਾਂ ਨਹੀਂ ਹੈ । ਭਗਵਾਨ ਬੁਧ ਨੇ ਕਿਹਾ ਸੀ ਕਿ ਸੰਸਾਰ ਵਿਚ ਹਰ ਥਾਂ ਤੇ ਦੁਖ ਹੀ ਦੁਖ ਹੈ - 90 ਪ੍ਰਤੀਸ਼ਤ ਲੋਕ ਦੁਖੀ ਹਨ, ਪੀੜਤ ਹਨ - ਇਨ੍ਹਾਂ ਪੀੜਤਾਂ ਦੀ ਪੀੜਾ ਘਟਾ ਕੇ ਉਨ੍ਹਾਂ ਦਾ ਉਧਾਰ ਕਰਨਾ ਹੀ ਬੋਧ ਧਰਮ ਦਾ ਮੁੱਖ ਉਦੇਸ਼ ਹੈ ।

ਧਰਮ ਪਰਿਵਰਤਨ ਦੇ ਮਾਮਲੇ ਵਿਚ ਡਾ੦ ਅੰਬੇਡਕਰ ਦੀ ਆਲੋਚਨਾ ਕਰਨ ਵਾਲਿਆਂ ਦੀ ਹਿੰਦੂ ਸਮਾਜ ਵਿਚ ਕੋਈ ਕਮੀ ਨਹੀਂ ਸੀ - ਇਨ੍ਹਾਂ ਦਾ ਮੰਨਣਾ ਸੀ ਕਿ ਧਰਮ ਪਰਿਵਰਤਨ ਦੇ ਬਾਵਜੂਦ ਛੂਆ-ਛੂਤ ਦਾ ਪ੍ਰਸ਼ਨ ਹਲ ਨਹੀਂ ਹੋ ਸਕੇਗਾ - ਪਰ ਇਸ ਤੋਂ ਤਾਂ ਇਹ ਗਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਹਿੰਦੂ ਸਮਾਜ ਅਛੂਤਾਂ ਵਿਚੋਂ ਧਰਮ ਪਰਿਵਰਤਨ ਨ ਕਰਨ ਵਾਲਿਆਂ ਨੂੰ ਤਾਂ ਅਛੂਤ ਮੰਨਦੇ ਹੀ ਰਹਿਣਗੇ - ਐਸੇ ਹਾਲਾਤ ਵਿਚ ਡਾ੦ ਅੰਬੇਡਕਰ ਨੂੰ ਧਰਮ ਪਰਿਵਰਤਨ ਕਰਨ ਲਈ ਦੋਸ਼ ਦੇਣਾ ਕਿਸੇ ਮਨੁੱਖ ਦੇ ਆਤਮਾਭਿਮਾਨ ਦੀ ਕੀਮਤ ਨੂੰ ਨ ਸਮਝਣਾ ਹੈ ।

ਧਰਮ ਪਰਿਵਰਤਨ ਤੋਂ ਬਹੁਤ ਪਹਿਲਾਂ ਡਾ੦ ਸਾਹਿਬ ਨੇ ਹਿੰਦੂ ਸਮਾਜ ਵਿਚ ਹੀ ਬਣੇ ਰਹਿਣ ਲਈ ਜੋ ਅਥਕ ਪ੍ਰਯਾਸ ਕੀਤੇ ਸਨ, ਕੀ ਕਿਸੇ ਹਿੰਦੂ ਨੇ ਇਸ ਦਾ ਲੇਖਾ ਜੋਖਾ ਕੀਤਾ ? ਜਦ ਡਾ੦ ਅੰਬੇਡਕਰ ਜੀ ਨੇ ਅਧਿਕਾਰ ਪੂਰਵਕ ਕਿਹਾ ਸੀ ਕਿ ਹਿੰਦੂਤਵ ਉਤੇ ਸਵਰਣ ਹਿੰਦੂਆਂ ਦਾ ਜਿਤਨਾ ਅਧਿਕਾਰ ਹੈ ਉਤਨਾ ਹੀ ਅਛੂਤਾਂ ਦਾ ਵੀ ਹੈ । ਕੀ ਕਿਸੇ ਹਿੰਦੂ ਨੇ ਡਾ੦

ਅੰਬੇਡਕਰ ਦੇ ਇਸ ਹਿੰਦੁਤਵ ਦੇ ਅਧਿਕਾਰ ਨੂੰ ਸ੍ਵੀਕਾਰ ਕੀਤਾ ਸੀ ? ਇਹੋ ਜਿਹੇ ਹਾਲਾਤ ਵਿਚ ਦਲਿਤਾਂ ਦੇ ਧਰਮ ਪਰਿਵਰਤਨ ਲਈ ਕਿਸੇ ਨੂੰ ਦੋਸ਼ ਦੇਣਾ ਕਿਸੇ ਵੀ ਤਰ੍ਹਾਂ, ਉਚਿਤ ਪ੍ਰਤੀਤ ਨਹੀਂ ਹੁੰਦਾ।

ਕਰੋੜਾਂ ਦਲਿਤਾਂ ਦੀ ਚਿੰਤਾ ਕਰਨ ਵਾਲੇ ਡਾ॰ ਅੰਬੇਡਕਰ ਨੇ ਬਹੁਤ ਪਿੱਛੇ ਦੇ ਇਤਿਹਾਸ ਤੇ ਨਜਰ ਸਾਨੀ ਕਰ, ਹਜਾਰਾਂ ਸਾਲਾਂ ਤੋਂ ਦੁੱਖੀ, ਗਰੀਬ, ਅਨਪੜ੍ਹ ਹਰ ਸ਼ੈ ਲਈ ਸਾਵਰਣਾ ਦੀ ਮੁਥਾਜ ਨਿਸਹਾਏ ਅਤੇ ਅਛੂਤ ਮਨੀ ਜਾਣ ਵਾਲੀ ਨਿਮਨ ਵਰਗ ਦੀ ਖ਼ਲਕਤ ਦੀ ਬੇਹਤਰੀ, ਹਿੰਦੂ ਧਰਮ ਤੋਂ ਵੱਖ ਹੋਣ ਵਿਚ ਹੀ ਠੀਕ ਸਮਝੀ। ਕਿਉਂਕਿ ਉਹ ਮਹਾਤਮਾ ਗਾਂਧੀ ਵਰਗੇ ਮਹਾਨ ਨੇਤਾ ਦੀ ਜਨਮ ਕਰ ਕੇ ਜਾਤੀ ਭੇਦ ਦੀ ਵਿਚਾਰ ਪ੍ਰਣਾਲੀ ਤੋਂ ਨਿਰਾਸ਼ ਹੋ ਚੁੱਕੇ ਸਨ। ਕੁਝ ਕੁ ਸਵਰਣ ਹਿੰਦੂ ਸੁਧਾਰਕਾਂ ਨੇ ਦਲਿਤ ਅਛੂਤਾਂ ਲਈ ਕਈ ਯੋਜਨਾਵਾਂ ਉਤੇ ਆਪਣੀ ਵਿਤ ਅਨੁਸਾਰ ਕੰਮ ਕੀਤੇ ਪਰ ਦਲਿਤਾਂ ਦੀ ਮਾਲੀ ਹਾਲਾਤ ਨੂੰ ਸੁਧਾਰਨ ਵਾਲੀ ਲਾਇਲਾਜ ਬਿਮਾਰੀ ਵਿਚ ਰਤਾ ਮਾਤ੍ਰ ਵੀ ਫਰਕ ਨ ਪਿਆ - ਡਾ॰ ਅੰਬੇਡਕਰ ਇਹੋ ਜਹੀਆਂ ਸਾਰੀਆਂ ਗੱਲਾਂ ਉਤੇ ਚੰਗੀ ਤਰ੍ਹਾਂ, ਵਿਚਾਰ ਕਰ ਚੁੱਕੇ ਸਨ। ਇਥੋਂ ਤਕ ਕਿ ਯਦਾ ਕਦਾ ਇਨ੍ਹਾਂ ਅਛੂਤਾਂ ਚੋਂ ਮੁਸਲਮਾਨ ਧਰਮ ਯਾ ਇਸਾਈ ਧਰਮ ਅਪਨਾ ਲੈਣ ਵਾਲਿਆਂ ਨਾਲ ਤਾਂ ਹਿੰਦੂ ਭੇਦ ਭਾਵ ਨਹੀਂ ਸਨ ਕਰਦੇ ਜਦਕਿ ਹਿੰਦੂ ਧਰਮ ਨ ਛੱਡਣ ਵਾਲੇ ਅਛੂਤਾਂ ਨਾਲ ਹੀ ਭੇਦਭਾਵ ਵਰਤਿਆ ਜਾਂਦਾ ਸੀ - ਇਸ ਗਲ ਨੇ ਵੀ ਧਰਮ ਪਰਿਵਰਤਨ ਲਈ ਅਹਿਮ ਭੂਮਿਕਾ ਨਿਭਾਈ ਸੀ।

ਵਿਅਕਤੀਗਤ ਰੂਪ ਵਿਚ ਡਾ॰ ਅੰਬੇਡਕਰ ਵਰਣ ਭੇਦ ਦੀ ਦਾਸਤਾਂ ਤੋਂ ਮੁਕਤ ਹੋ ਕੇ ਕਾਫੀ ਉਚਾਈ ਉਤੇ ਪੁੱਜ ਚੁੱਕੇ ਸਨ - ਉਹ ਵਰਣ ਭੇਦ ਨੂੰ ਮੰਨਣ ਵਾਲੇ ਹਿੰਦੂ ਸਮਾਜ ਵਿਚ ਆਧੁਨਿਕ ਮਨੂ ਕਹਿਲਾਏ।

ਅਸਲਿਅਤ ਵਿਚ ਡਾ॰ ਸਾਹਿਬ ਨੇ ਧਰਮ ਪਰਿਵਰਤਨ ਕਰੋੜਾ ਅਛੂਤਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਕੀਤਾ ਸੀ। ਉਹ ਦਲਿਤਾਂ ਨੂੰ ਵਰਣ ਭੇਦ ਦੀ ਗੁਲਾਮੀ ਚੋਂ ਮੁਕਤ ਕਰਾਉਣਾ ਚਾਹੁੰਦੇ ਸਨ।

ਡਾ੦ ਅੰਬੇਡਕਰ ਦਾ ਧਰਮ ਪਰਿਵਰਤਨ ਕਰਨਾ ਹਿੰਦੂ ਸਮਾਜ ਲਈ ਸ਼ਰਮ ਦੀ ਗੱਲ ਸੀ। ਵੀਹਵੀਂ ਸਦੀ ਦਾ ਆਧੁਨਿਕ ਹਿੰਦੂ ਸਮਾਜ ਡਾ੦ ਅੰਬੇਡਕਰ ਵਰਗੇ ਮਹਾਨ ਪੁਰਸ਼ ਨੂੰ ਆਪਣੇ ਅੰਦਰ ਸਮੋ ਕੇ ਨਹੀਂ ਰੱਖ ਸਕਿਆ। ਇਹ ਹਿੰਦੂ ਸਮਾਜ ਦਾ ਰੂੜੀ ਵਾਦੀ ਹੋਣ ਦਾ ਪ੍ਰਤਖ ਪ੍ਰਮਾਣ ਸੀ।

## "ਗ੍ਰੰਥ ਹੀ ਪੂਰਾ ਨਹੀਂ ਹੋਇਆ, ਗ੍ਰੰਥ ਕਾਰ ਵੀ ਪੂਰਾ ਹੋ ਗਿਆ"

ਜਦੋਂ ਦਾ ਹੋਸ਼ ਸਭਾਲਿਆ ਸੰਘਰਸ਼ਪੂਰਨ ਜੀਵਨ ਦਾ ਕੋਈ ਸਮਾਂ ਐਸਾ ਨਹੀਂ ਸੀ ਜਦ ਡਾ੦ ਅੰਬੇਡਕਰ ਜੀ ਨੇ ਆਰਾਮ ਕੀਤਾ ਹੋਵੇ। ਸਾਧਾਰਨ ਜਿਹੇ, ਪਰ ਮਹਤਵਾਕਾਂਸ਼ੀ ਪਿਤਾ ਦਾ ਪੁੱਤਰ ਭੀਮ ਰਾਵ ਆਪਣੇ ਪਿਤਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੀਮਤ ਵਸੀਲਿਆਂ ਦੇ ਬਾਵਜੂਦ ਆਪਣੀ ਲਗਨ ਤੇ ਪਰਿਸ਼ਰਮ ਦੇ ਬਲ ਬੂਤੇ ਤੇ ਅਨੇਕਾਂ ਡਿਗਰੀਆਂ ਪ੍ਰਾਪਤ ਕਰ ਬਾਬਾ ਸਾਹਿਬ ਡਾ੦ ਭੀਮਰਾਵ ਅੰਬੇਡਕਰ ਦੇ ਨਾਮ ਨਾਲ ਜਗਤ ਪ੍ਰਸਿਧ ਹੋਇਆ। ਨਿਰਭੀਕ ਸ੍ਵਾਵਲੰਬੀ, ਆਤਮ-ਸਨਮਾਨ ਨਾਲ ਔਤ-ਪ੍ਰੋਤ, ਕਰੋੜਾਂ ਦਲਿਤਾਂ ਅਤੇ ਅਛੂਤਾਂ ਲਈ ਵੀਹਵੀਂ ਸਦੀ ਦਾ ਮਸੀਹਾ ਅਤੇ ਆਜਾਦ ਭਾਰਤ ਦੇ ਪਹਿਲੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਿੰਦੂ ਸਮਾਜ ਤੋਂ ਜਿਤਨੀ ਅਪੇਕਛਾ ਸੀ ਉਸ ਨੂੰ ਪੂਰਾ ਹੁੰਦਿਆਂ ਨ ਵੇਖ 1956 ਵਿਚ ਧਰਮ ਪਰਿਵਰਤਨ ਕਰ ਬੌਧ ਧਰਮ ਵਿਚ ਸ਼ਾਮਲ ਹੋ ਗਏ। ਬੌਧ ਧਰਮ ਵੱਲ ਉਨ੍ਹਾਂ ਦਾ ਝੁਕਾਵ ਬਹੁਤ ਪਹਿਲਾਂ ਤੋਂ ਸੀ। ਇਸ ਧਰਮ ਬਾਰੇ ਕਾਫੀ ਜਾਨਕਾਰੀ ਪ੍ਰਾਪਤ ਕਰ, ਕਈ ਪੁਸਤਕਾਂ ਅਤੇ ਗ੍ਰੰਥ ਉਹ ਲਿਖ ਵੀ ਚੁੱਕੇ ਸਨ - ਪਰ ਹੁਣ (1956) ਉਨ੍ਹਾਂ ਦੀ ਸੇਹਤ ਸਾਥ ਨਹੀਂ ਸੀ ਦੇ ਰਹੀ - ਬਲਡ ਪ੍ਰੇਸ਼ਰ ਅਤੇ ਸ਼ੂਗਰ ਵਰਗੀਆਂ ਬੀਮਾਰੀਆਂ ਕਰ ਕੇ ਹੁਣ ਉਨ੍ਹਾਂ ਦਾ ਸ਼ਰੀਰ ਥਾਂ - ਥਾਂ ਜਾ ਕੇ ਕੰਮ ਕਰਨ ਲਾਇਕ ਨਹੀਂ ਸੀ ਰਹਿ ਗਿਆ ਫਿਰ ਵੀ 1956 ਵਿਚ ਇਕ ਬੌਧ ਨੇਤਾ ਦੇ ਰੂਪ ਵਿਚ ਬੌਧ ਸੰਮੇਲਨ ਵਿਚ ਹਿੱਸਾ ਲੈਣ ਲਈ ਨੇਪਾਲ ਗਏ ਸਨ ਜਿੱਥੇ ਉਨ੍ਹਾਂ ਨੇ ਬੌਧ ਧਰਮ ਅਤੇ ਕੋਮਿਉਨਿਜ਼ਮ ਉਤੇ ਭਾਸ਼ਣ ਕੀਤਾ।

ਹਾਲਾਂ ਕਿ ਡਾ੦ ਸਾਹਿਬ ਦੀਆਂ ਅਨੇਕਾਂ ਹੀ ਪੁਸਤਕਾਂ ਅਤੇ ਗ੍ਰੰਥ ਪ੍ਰਕਾਸ਼ਿਤ ਹੋਏ ਪਰ 1940 ਦੇ ਆਸ ਪਾਸ ਜੋ ਗ੍ਰੰਥ '**ਗਾਸਪੇਲ ਆਫ ਬੁਧ**' (Gospel of Budha) ਸ਼ੁਰੂ ਕੀਤਾ ਸੀ, ਉਸ ਨੂੰ ਕਈ ਕਈ ਵਾਰ ਲਿਖ ਕੇ ਕਟਦੇ ਫਿਰ ਲਿਖਦੇ ਅਤੇ ਸੰਤੁਸ਼ਟੀ ਨ ਹੋਣ ਤੇ ਫਿਰ ਕਟਦੇ ਰਹੇ ਸਨ ।

ਇਸ ਮਹਤਵਪੂਰਨ ਗ੍ਰੰਥ ਨਾਲ ਡਾ੦ ਅੰਬੇਡਕਰ ਦੀ ਜੀਵਨ ਯਾਤ੍ਰਾ ਦਾ ਕਿਤਨਾ ਗੂੜਾ ਸੰਬੰਧ ਸੀ ਇਹ ਤਾਂ 6 ਦਸੰਬਰ 1956 ਨੂੰ ਹੀ ਪਤਾ ਲਗ ਸਕਿਆ, ਕਿਉਂਕਿ 1940 ਨੂੰ ਸ਼ੁਰੂ ਹੋਇਆ ਇਹ ਗ੍ਰੰਥ ਕਈ ਕਈ ਵਾਰ ਸੰਸ਼ੋਧਨ ਤੋਂ ਬਾਦ 1956 ਦੇ ਅੰਤਿਮ ਮਹੀਨੇ ਜਾ ਕੇ ਕਿਤੇ ਪੂਰਾ ਹੋਇਆ ਤਾਂ, ਡਾ੦ ਸਾਹਿਬ ਨੇ ਗਾਸਪੈਲ ਆਫ ਬੁਧ ਦੀ ਭੂਮਿਕਾ 5 ਦਸੰਬਰ 1956 ਦੀ ਰਾਤ ਨੂੰ ਪੂਰੀ ਕੀਤੀ - ਭੂਮਿਕਾ ਪੂਰੀ ਕੀ ਕੀਤੀ ਕਿ ਆਪਣਾ ਜੀਵਨ ਪੰਥ ਵੀ ਆਪ ਹੀ ਪੂਰਾ ਮੰਨ ਲਿਆ - 5 ਦਸੰਬਰ ਦੀ ਰਾਤ 16 ਸਾਲ ਪਹਿਲਾਂ ਪ੍ਰਾਰੰਭ ਕੀਤੇ ਗ੍ਰੰਥ ਦੀ ਪੂਰਨਤਾ ਅਤੇ ਭੂਮਿਕਾ ਲਿਖਣ ਤੋਂ ਬਾਦ ਪ੍ਰਾਪਤ ਹੋਣ ਵਾਲੀ ਸੰਤੁਸ਼ਟੀ ਸ਼ਾਇਦ ਇਤਨੀ ਵੱਧ ਹੋ ਗਈ ਸੀ ਕਿ ਅਗਲੀ ਸ੍ਵੇਰ ਵੇਖਣ ਦਾ ਮੰਨ ਹੀ ਨਹੀਂ ਕੀਤਾ । 5 ਦਸੰਬਰ ਦੀ ਰਾਤ ਪੂਰਨ ਸੰਤੁਸ਼ਟੀ ਦੀ ਹਾਲਤ ਵਿਚ ਐਸੇ ਸੁਤੇ ਕਿ ਮੁੜ ਉਠੇ ਹੀ ਨਹੀਂ ।

6 ਦਸੰਬਰ ਨੂੰ ਸ੍ਵੇਰੇ ਨੌਕਰ ਚਾ ਦੇਣ ਗਿਆ ਤਾਂ ਪਤਾ ਲਗਾ ਕਿ ਸਾਰੀ ਉਮਰ ਸੰਘਰਸ਼ ਅੰਦੋਲਨ ਅਤੇ ਸਤਿਆਗ੍ਰਹਿ ਕਰ ਕੇ ਸਰਕਾਰਾਂ ਅਤੇ ਵੱਡੇ-ਵੱਡੇ ਨੇਤਾਵਾਂ ਨੂੰ ਝੰਜੋੜ ਦੇਣ ਵਾਲਾ ਵਿਦ੍ਰੋਹੀ ਵੀਰ, ਸੂਬੇਦਾਰ ਰਾਮ ਜੀ ਅਤੇ ਭੀਮਾ ਬਾਈ ਦਾ ਚੋਦ੍ਹਵਾਂ ਰਤਨ ਭੀਮ ਅਤੇ ਦੁਨਿਆ ਲਈ ਬਾਬਾ ਸਾਹਿਬ ਡਾ੦ ਭੀਮਰਾਵ ਅੰਬੇਡਕਰ ਬਿਲਕੁਲ ਚੁਪ-ਚਾਪ ਇਸ ਦੁਨੀਆਂ ਤੋਂ ਚਲਾ ਗਿਆ । ਇਤਿਹਾਸ ਦਾ ਇਕ ਚੈਪਟਰ ਸਮਾਪਤ ਹੋ ਗਿਆ । ਗਾਸਪੈਲ ਆਫ ਬੁੱਧ ਨਾਮਕ ਗ੍ਰੰਥ ਬਾਦ ਵਿਚ "ਬੁਧ ਔਰ ਉਸ ਦਾ ਧੰਮ" ਨਾਮ ਨਾਲ ਪ੍ਰਕਾਸ਼ਿਤ ਹੋਇਆ ।

## ਅੰਤਮ ਸੰਸਕਾਰ

ਡਾ੦ ਸਾਹਿਬ ਦਾ ਸ਼ਵ ਦਿੱਲੀ ਤੋਂ ਬੰਬਈ ਭੇਜਿਆ ਗਿਆ। ਬੰਬਈ ਦੇ ਹਵਾਈ ਅੱਡੇ ਉਤੇ ਲੱਖਾਂ ਦੀ ਭੀੜ ਆਪਣੇ ਲੀਡਰ ਦੇ ਅੰਤਮ ਦਰਸ਼ਨਾਂ ਲਈ ਉਡੀਕ ਕਰ ਰਹੀ ਸੀ - ਦੂਜੇ ਦਿਨ 10 ਲੱਖ ਦੇ ਲਗਭਗ ਲੋਗਾਂ ਨੇ ਜਿਨ੍ਹਾਂ ਚੋਂ ਜਿਆਦਾਤਰ ਦਲਿਤ ਵਰਗ ਦੇ ਸਨ, ਨੇ ਅੰਤਮ ਯਾਤ੍ਰਾ ਵਿਚ ਹਿੱਸਾ ਲਿਆ।

ਪਹਿਲੋਂ ਮਿੱਥੇ ਪ੍ਰੋਗਰਾਮ ਅਨੁਸਾਰ 16 ਦਸੰਬਰ ਨੂੰ ਲੱਖਾਂ ਦਲਿਤਾਂ ਨੇ ਬੋਧ ਧਰਮ ਵਿਚ ਦੀਕਸ਼ਾ ਲੈਣੀ ਸੀ ਜਿਸ ਦੇ ਅਨੁਸਾਰ ਡਾ੦ ਅੰਬੇਡਕਰ ਜੀ ਨੇ 14 ਦਿਸੰਬਰ ਨੂੰ ਉਥੇ ਪੁਜਣਾ ਸੀ। ਪਰ ਕੇਵਲ 7-8 ਦਿਨ ਪਹਿਲਾਂ ਰਬ ਦਾ ਭਾਣਾ ਵਰਤ ਜਾਣ ਕਰਕੇ 7 ਦਿਸੰਬਰ ਨੂੰ ਕੱਠੇ ਹੋਏ ਲਗਭਗ 3 ਲੱਖ ਦਲਿਤਾਂ ਨੂੰ ਭਿਕਸ਼ੂ ਆਨੰਦ ਕੋਸ਼ਲਿਆਇਨ ਨੇ ਪਹਿਲੋਂ "ਤ੍ਰਿਸ਼ਰਣ ਪੰਚਸ਼ੀਲ" ਦਾ ਉਚਾਰਣ ਕਰ ਕੇ ਬੋਧ ਧਰਮ ਦੀ ਦੀਕਸ਼ਾ ਦਿੱਤੀ। ਤਤਪਸ਼ਚਾਤ ਬੋਧ ਭਿਕਸ਼ੂਆਂ ਨੇ ਅੰਤਯ ਵਿਧੀ ਪੂਰੀ ਕੀਤੀ ਅਤੇ ਬਾਬਾ ਸਾਹਿਬ ਦਾ ਸ਼ਵ ਚੰਦਨ ਦੀ ਚਿੱਖਾ ਤੇ ਰੱਖਿਆ ਗਿਆ ਜਿਸ ਨੂੰ ਉਨ੍ਹਾਂ ਦੇ ਇਕੋ ਇਕ ਸਪੁੱਤਰ ਸ੍ਰੀ ਯਸ਼ਵੰਤ ਰਾਵ ਅੰਬੇਡਕਰ ਨੇ ਅਗਨੀ ਦੇ ਕੇ ਅੰਤਮ ਸੰਸਕਾਰ ਕੀਤਾ - ਇਸ ਤਰ੍ਹਾਂ ਇਕ ਮਹਾਨ ਜੀਵਨ ਦੀ ਮਹਾਨ ਮ੍ਰਿਤੂ ਨੂੰ ਲੱਖਾਂ ਹੀ ਦਲਿਤਾਂ ਨੇ ਬੋਧ ਧਰਮ ਅਪਨਾ ਕੇ ਆਪਣੇ ਨੇਤਾ ਨੂੰ ਸ਼ਰਧਾਂਜਲੀ ਪੇਸ਼ ਕੀਤੀ।

## ਕੁਝ ਅੰਤਿਮ ਪੰਕਤੀਆਂ

ਡਾ੦ ਭੀਮਰਾਵ ਅੰਬੇਡਕਰ ਜੀ ਨੇ ਜਦ ਅਛੂਤਾਂ ਅਤੇ ਦਲਿਤਾਂ ਲਈ ਸੰਘਰਸ਼ਮਈ ਅੰਦੋਲਨ ਸ਼ੁਰੂ ਕੀਤਾ ਸੀ ਤਦ ਹਵਾ ਦਾ ਰੁੱਖ ਬਿਲਕੁਲ ਪੁਠਾ ਸੀ - ਦੇਸ਼ ਵਿਚ ਕਾਂਗ੍ਰੇਸ ਦਾ ਬੋਲ-ਬਾਲਾ ਸੀ ਅਤੇ ਕਾਂਗ੍ਰੇਸ ਦੇ ਲੀਡਰ, ਖਾਸ ਕਰ ਮਹਾਤਮਾ ਗਾਂਧੀ ਬ੍ਰਿਟਿਸ਼ ਸਰਕਾਰ ਤੋਂ ਭਾਰਤ ਨੂੰ ਮੁਕਤ ਕਰਾਉਣ ਵਿਚ ਰੁਝੇ ਹੋਏ ਸਨ ਸਾਰਾ ਦੇਸ਼ ਉਨ੍ਹਾਂ ਦੇ ਗੁਣਗਾਨ ਕਰ ਰਿਹਾ

ਸੀ । ਆਮ ਲੋਕਾਂ ਦੀਆਂ ਨਜ਼ਰਾਂ ਵਿਚ ਗਾਂਧੀ ਜੀ ਅਛੂਤਾਂ ਦੇ ਸੁਭ ਚਿੰਤਕ ਸਨ ਅਤੇ ਸਾਰੇ ਹਿੰਦੁਸਤਾਨ ਨੂੰ ਅੰਗ੍ਰੇਜ਼ਾਂ ਤੋਂ ਆਜਾਦ ਕਰਾਉਣਾ ਚਾਹੁੰਦੇ ਸਨ - ਇਸ ਕਰ ਕੇ ਆਮ ਹਿੰਦੂ, ਡਾ० ਅੰਬੇਡਕਰ ਜੋ ਕਿ ਗਾਂਧੀ ਜੀ ਦੇ ਵਿਚਾਰਾ ਨਾਲ ਬਹੁਤਾ ਸਿਹਮਤੀ ਨਹੀਂ ਸਨ ਰਖਦੇ, ਨੂੰ ਗ਼ਲਤ ਸਮਝ ਰਹੇ ਸਨ - ਜਦ ਕਿ ਡਾ० ਅੰਬੇਡਕਰ ਦਾ ਕਹਿਣਾ ਸੀ ਕਿ ਅੰਗ੍ਰੇਜ਼ੀ ਰਾਜ ਕਰ ਕੇ ਭਾਰਤ ਦੀ ਰਾਜਨੀਤਕ ਗੁਲਾਮੀ ਨਾਲੋਂ ਹਿੰਦੂ ਸਮਾਜ ਵਿਚ ਅਛੂਤਾਂ ਨੂੰ ਜਿਸ ਸਮਾਜਿਕ ਗੁਲਾਮੀ ਨੂੰ ਸਦੀਆਂ ਤੋਂ ਸਹਿਣਾ ਪੈ ਰਿਹਾ ਹੈ ਉਹ ਜਿਆਦਾ ਭਿਆਨਕ ਅਤੇ ਗ਼ੈਰ-ਮਾਨਵਵਾਦੀ, ਬਲਕਿ ਮਾਨਵਦ੍ਰੋਹੀ ਹੈ । ਗਾਂਧੀ ਜੀ ਅਤੇ ਹਿੰਦੂ, ਬ੍ਰਿਟਿਸ਼ ਸਰਕਾਰ ਕੋਲੋਂ ਰਾਜਨੀਤਕ, ਆਜਾਦੀ ਦੀ ਮੰਗ ਕਰ ਰਹੇ ਸਨ ਜਦਕਿ ਡਾ० ਅੰਬੇਡਕਰ ਗਾਂਧੀ ਜੀ, ਕਾਂਗ੍ਰੇਸ ਅਤੇ ਹਿੰਦੂ ਸਮਾਜ ਤੋਂ ਅਛੂਤਾਂ ਲਈ ਸਮਾਜਿਕ ਆਜ਼ਾਦੀ ਵੀ ਮੰਗ ਰਹੇ ਸਨ । ਹਿੰਦੂ ਸਮਾਜ ਆਪ ਤਾਂ ਆਜ਼ਾਦ ਹੋਣਾ ਚਾਹੁੰਦਾ ਸੀ ਪਰ ਅਛੂਤਾਂ ਨੂੰ ਸਮਾਜਕ ਆਜ਼ਾਦੀ ਦੇਣ ਨੂੰ ਤਿਆਰ ਨਹੀਂ ਸੀ ਹੋ ਰਿਹਾ ।

ਈਮਾਨਦਾਰੀ ਨਾਲ ਵੇਖਿਆ ਜਾਵੇ ਤਾਂ ਡਾ० ਅੰਬੇਡਕਰ ਵਰਗਾ ਮਹਾਨ ਵਿਦ੍ਰੋਹੀ ਹਿੰਦੂ ਸਮਾਜ ਵਿਚ ਦੂਜਾ ਕੋਈ ਨਹੀਂ ਹੋਇਆ - ਉਨ੍ਹਾਂ ਦੀ ਨਸ ਨਸ ਵਿਚ ਵਿਦ੍ਰੋਹ ਦਾ ਲਹੂ ਚਲ ਰਿਹਾ ਸੀ । ਹਿੰਦੂ ਧਰਮ ਵਿਚ ਵਰਣ ਭੇਦ ਜਾਤ ਭੇਦ, ਪਾਖੰਡ ਤੇ ਆਡੰਬਰ ਪ੍ਰਤੀ ਉਨ੍ਹਾਂ ਦੇ ਦਿਲ ਵਿਚ ਵਿਦ੍ਰੋਹ ਦੀ ਪ੍ਰਬਲ ਭਾਵਨਾ ਸੀ - ਉਨ੍ਹਾਂ ਦੀ ਜ਼ੁਬਾਨ ਅਤੇ ਲੇਖਣੀ ਵਿਚ ਵਿਦ੍ਰੋਹੀ ਤਿਖਾਪਨ ਸਪਸ਼ਟ ਵੇਖਿਆ ਜਾ ਸਕਦਾ ਸੀ ।

ਵਿਦ੍ਰੋਹੀ ਹੋਣ ਦੇ ਬਾਵਜੂਦ ਡਾ० ਅੰਬੇਡਕਰ ਘਾਤਕ ਨਹੀਂ ਸਨ । ਕਿਉਂਕਿ ਇਲਮੀ ਤੌਰ ਤੇ ਉਹ ਇਕ ਬਹੁਤ ਹੀ ਵੱਡੇ ਵਿਦਵਾਨ ਸਨ । ਅਛੂਤਾਂ ਅਤੇ ਦਲਿਤਾਂ ਨੂੰ ਸਮਾਜਕ ਬਰਾਬਰੀ, ਉਚ ਸ਼ਿਕਛਾ ਅਤੇ ਸਨਮਾਨਜਨਕ ਜਿੰਦਗੀ, ਦਾ ਮਕਸਦ ਹੀ ਉਨ੍ਹਾਂ ਦੇ ਸਾਮਣੇ ਸਦੈਵ ਰਿਹਾ । ਇਸ ਦੇ ਲਈ ਉਨ੍ਹਾਂ ਨੇ ਕਦੀ ਕਿਸੇ ਨਾਲ ਸਮਝੌਤਾ ਨਹੀਂ ਕੀਤਾ - ਇਥੋਂ ਤਕ ਤਕ ਉਹ ਗਾਂਧੀ ਜੀ ਦੇ ਅਛੂਤੋ-ਉਧਾਰ ਦੀ ਵੀ ਆਲੋਚਨਾ ਤੋਂ ਬਾਜ਼ ਨਹੀਂ ਆਏ । ਕਈਆਂ ਦਾ ਤਾਂ ਇਹ ਮਤ ਵੀ ਹੈ ਕਿ ਜੇ ਕਰ ਡਾ० ਸਾਹਿਬ ਗਾਂਧੀ ਜੀ ਦੇ ਆਲੋਚਕ ਨ ਹੁੰਦੇ ਤਾਂ ਉਹ ਕਾਂਗ੍ਰੇਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਦੇ ਬਰਾਬਰ ਦੀ ਪੋਜ਼ੀਸ਼ਨ ਵਿਚ ਹੁੰਦੇ । ਕਿਉਂਕਿ

ਉਨ੍ਹਾਂ ਵਰਗਾ ਅਨੇਕਾਂ ਡਿਗਰੀਆਂ ਦਾ ਮਾਲਕ ਅਤੇ ਵਿਦਵਾਨ ਹੋਰ ਕੋਈ ਵੀ ਨਹੀਂ ਸੀ। ਉਨ੍ਹਾਂ ਦੀ ਯੋਗਿਤਾ ਦੇ ਸਾਰੇ ਹੀ ਛੋਟੇ ਵੱਡੇ ਲੀਡਰ ਕਾਇਲ ਸਨ ਪਰ ਉਨ੍ਹਾਂ ਨੇ ਆਪਣੇ ਅੰਬੇਡਕਰ-ਪਨ ਨੂੰ ਕਦੇ ਨਹੀਂ ਛੱਡਿਆ। ਸਾਰੇ ਦੇਸ਼ ਵਿਚ ਉਨ੍ਹਾਂ ਤੋਂ ਵੱਧ ਹੋਰ ਕੋਈ ਵੀ ਦਲਿਤਾਂ ਅਤੇ ਅਛੂਤਾਂ ਦਾ ਹਿੱਤੂ ਅਤੇ ਸ਼ੁਭਚਿੰਤਕ ਲਭਿਆਂ ਨਹੀਂ ਲਭਦਾ ਜਦ ਕਿ ਹੋਰ ਕਈ ਸਮਾਜ ਸੁਧਾਰਕਾਂ ਨੇ ਵੀ ਆਪਣੇ ਆਪਣੇ ਢੰਗ ਨਾਲ ਕੰਮ ਕੀਤਾ ਪਰ ਉਸ ਦਾ ਅਸਰ ਆਟੇ ਵਿਚ ਲੂਣ ਵਰਗਾ ਹੀ ਰਿਹਾ।

ਹਿੰਦੂ ਧਰਮ, ਕਾਂਗ੍ਰੇਸ ਪਾਰਟੀ ਅਤੇ ਮਹਾਤਮਾ ਗਾਂਧੀ ਦੇ ਆਲੋਚਕ ਮੰਨੇ ਜਾਣ ਕਰਕੇ ਦੇਸ਼ ਵਿਚ ਡਾ॰ ਸਾਹਿਬ ਦੇ ਖਿਲਾਫ਼ ਇਕ ਅਜੀਬ ਜਿਹਾ ਮਾਹੌਲ ਬਣ ਗਿਆ ਸੀ ਜਿਸ ਦੀ ਕਾਟ ਉਨ੍ਹਾਂ ਨੂੰ ਠੀਕ ਸਮਝਣ ਵਾਲੇ ਵੀ ਨਹੀਂ ਸਨ ਕਰ ਸਕੇ ਇਹੀ ਕਾਰਨ ਸੀ ਕਿ ਇਤਨੇ ਵੱਡੇ ਵਿਦਵਾਨ, ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਸੈਂਕੜੇ ਪੁਸਤਕਾਂ ਅਤੇ ਗ੍ਰੰਥਾਂ ਦੇ ਲੇਖਕ, ਕਰੋੜਾਂ, ਅਛੂਤਾਂ ਦੇ ਮਹਾਨ ਨੇਤਾ ਨੂੰ ਭਾਰਤ ਸਰਕਾਰ ਨੇ ਕੋਈ ਇਹੋ ਜਿਹੀ ਪਦਵੀ ਨਹੀਂ ਸੀ ਦਿੱਤੀ ਜਿਸ ਦੇ ਉਹ ਹਕਦਾਰ ਸਨ ਅਤੇ ਨਾ ਹੀ ਭਾਰਤ ਦੀ ਕਿਸੇ ਯੂਨੀਵਰਸਿਟੀ ਨੇ ਉਨ੍ਹਾਂ, ਨੂੰ ਦੀਕਸ਼ਾਂਤ ਸਮਾਰੋਹਾਂ ਵਿਚ ਸੱਦਾ ਪੱਤਰ ਦੇ ਕੇ ਕੋਈ ਮਾਨਦ ਡਿਗਰੀ ਹੀ ਪ੍ਰਦਾਨ ਕੀਤੀ ਜਦ ਕਿ ਕੋਲੰਬੀਆ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਐਲ.ਐਲ.ਡੀ. ਦੀ ਡਿਗਰੀ ਦੇ ਕੇ ਸਨਮਾਨਿਆ ਸੀ। ਹਾਲਾਂਕਿ ਆਮ ਜਨਤਾ ਨੇ ਉਨ੍ਹਾਂ ਨੂੰ ਅਨੇਕਾਂ ਪਦਵੀਆਂ ਨਾਲ ਸਨਮਾਨਿਤ ਕੀਤਾ ਸੀ ਜਿਵੇਂ ਕਿਸੇ ਨੇ ਉਨ੍ਹਾਂ ਨੂੰ ਆਧੁਨਿਕ ਮਨੁ ਕਿਹਾ ਤਾਂ ਕਿਸੇ ਨੇ ਵੀਹਵੀਂ ਸਦੀ ਦਾ ਸਮ੍ਰਿਤੀਕਾਰ, ਕਿਸੇ ਨੇ ਭਾਰਤ ਦਾ ਜਾਨਸਨ ਕਿਸੇ ਨੇ ਭਾਰਤ ਦਾ ਅਬ੍ਰਾਹਿਮ ਲਿੰਕਨ ਅਤੇ ਕਈਆਂ ਨੇ ਭਾਰਤ ਦਾ ਮਾਰਟਿਨ ਲੂਥਰ ਕਿੰਗ ਵੀ ਕਿਹਾ। ਇਹ ਪਦਵੀਆਂ ਕਿਸੇ ਵੀ ਯੂਨੀਵਰਸਿਟੀ ਦੀਆਂ ਡਿਗਰੀਆਂ ਤੋਂ ਘੱਟ ਨਹੀਂ ਸਨ।

ਸਾਧਾਰਾਣ ਜਿਹੇ ਅਛੂਤਾਂ ਦੇ ਪਰਿਵਾਰ ਵਿਚ ਜਨਮ ਲੈਣ ਵਾਲੇ ਭੀਮ ਰਾਵ ਨੇ ਸੀਮਤ ਵਸੀਲਿਆਂ ਦੇ ਬਾਵਜੂਦ ਵੱਧ ਤੋਂ ਵੱਧ ਇਲਮ ਪ੍ਰਾਪਤ ਕਰ ਵੱਧ ਤੋਂ ਵੱਧ ਡਿਗਰੀਆ ਪ੍ਰਾਪਤ ਕੀਤੀਆਂ - ਸਮਾਜ ਦੇ ਸਭ ਤੋਂ ਨੀਵੇਂ, ਅਛੂਤ, ਦਲਿਤ, ਬੇਸਹਾਰਾ, ਅਨਪੜ੍ਹ ਤੇ ਸਵਰਣਾਂ ਦੀ

ਗੁਲਾਮੀ ਕਰਨ ਵਾਲਿਆਂ ਦੀ ਬਾਂਹ ਫੜੀ । ਉਨ੍ਹਾਂ ਨੂੰ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਨ, ਸ੍ਵਾਵਲੰਬੀ ਬਣਨ ਅਤੇ ਪੈਰਾ ਤੇ ਖੜੇ ਹੋਣ ਦੀ ਪ੍ਰੇਰਣਾ ਦਿੱਤੀ । ਹੱਕ ਅਤੇ ਅਧਿਕਾਰ ਪ੍ਰਾਪਤੀ ਲਈ ਸੰਘਰਸ਼ ਅਤੇ ਅੰਦੋਲਨ ਕਰਨ ਦੀ ਜਾਚ ਸਿਖਾਈ - ਸਾਰੇ ਹੀ ਭਾਰਤੀਆਂ ਲਈ ਸਮਾਨਤਾ ਤੇ ਬਰਾਬਰੀ ਦੇ ਹੱਕਾਂ ਦੀ ਰਖਵਾਲੀ ਕਰਨ ਵਾਲੇ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਬਣ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਇਹ ਸੰਦੇਸ਼ ਪ੍ਰਸਾਰਿਤ ਕੀਤਾ -

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"

# ਪਰਿਚੈ - ਲੇਖਕ



| | |
|---|---|
| ਨਾਮ | ਤ੍ਰਿਲੋਚਨ ਸਿੰਘ 'ਚੰਨ' ਲਖਨਵੀ |
| ਜਨਮ | 8.01.1940, ਕਹੂਟਾ, ਜ਼ਿਲਾ ਰਾਵਲਪਿੰਡੀ, ਪਾਕਿਸਤਾਨ |
| ਸ਼ਿਕਸ਼ਾ | ਬੀ.ਕਾਮ (ਲਖਨਊ ਯੂਨੀਵਰਸਿਟੀ) |
| ਕਿਤਾ | ਅਸਿਸਟੈਂਟ ਐਕਾਊਂਟਸ ਆਫ਼ੀਸਰ (ਰਿਟਾਇਰਡ)<br>ਬੋਰਡ ਆਫ਼ ਰੈਵਨਿਊ, ਉਤਰ ਪ੍ਰਦੇਸ਼ |
| ਸਥਾਈ ਪਤਾ | 551ਝ/56(28), ਰਾਮਨਗਰ, ਆਲਮਬਾਗ, ਲਖਨਊ<br>ਫੋਨ (0522) 2454287 ਮੋ० 9415469266 |
| ਪ੍ਰਕਾਸ਼ਿਤ ਪੁਸਤਕਾਂ | • 1982 ਵਿਚ ਪਟਿਆਲਾ ਤੋਂ ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਤਿੰਨ ਛੋਹਾਂ ਤਿੰਨ ਰੰਗ'<br>• 2000 ਵਿਚ ਹਿੰਦੀ-ਉਰਦੂ-ਪੰਜਾਬੀ (ਤ੍ਰਿਭਾਸ਼ੀ ਕਾਵਿ ਸੰਗ੍ਰਹਿ) 'ਤ੍ਰਿਵੇਣੀ' |
| ਸਹਿਯੋਗੀ ਕਵੀ | • 'ਚੇਤਨਾ ਕੇ ਗੀਤ' (ਚੇਤਨਾ ਸਾਹਿਤ ਪਰਿਸ਼ਦ ਲਖਨਊ)<br>• 'ਕਾਵਯਾਕਾਸ਼' (ਨਵੋਦਿਤ ਸਾਹਿਤਕਾਰ ਪਰਿਸ਼ਦ ਲਖਨਊ)<br>• 'ਕਵਿਤਾ ਬਦਲਤੇ ਸੰਧਰਭ' ਪ੍ਰਤਿਸ਼ਠਾ ਸਾਹਿਤਿਕ ਸੰਸਥਾਨ, ਲਖਨਊ<br>• 'ਹਸਤ ਲਿਪੀ ਐਂਵ ਹਸਤਾਕਸ਼ਰ' ਪ੍ਰਤਿਸ਼ਠਾ, ਲਖਨਊ<br>• 'ਢਾਈ ਅੱਖਰ' ਪ੍ਰਤਿਸ਼ਠਾ ਸਾਹਿਤਿਕ ਸੰਸਥਾਨ |
| ਸਨਮਾਨ | ਚੇਤਨਾ ਸਾਹਿਤ ਪਰਿਸ਼ਦ, ਲਖਨਊ ਵੱਲੋਂ 'ਚੇਤਨ ਰਤਨ' ਨਾਲ ਸਨਮਾਨਤ |